# ਜੰਗਨਾਮਾ
## ਸਿੰਘਾਂ ਤੇ ਫਰੰਗੀਆਂ
### ਸ਼ਾਹ ਮੁਹੰਮਦ (ਜੀਵਨ ਕਾਲ ੧੭੮੦-੧੮੪੫ ਈ:)

ਅੱਵਲ ਹਮਦ (ਉਸਤਤ) ਜਨਾਬ ਅੱਲਾਹ ਦੀ ਨੂੰ, ਜਿਹੜਾ ਕੁਦਰਤੀ ਖੇਲ ਬਣਾਂਵਦਾ ਈ।
ਚੌਦਾਂ ਤਬਕਾਂ (ਖੰਡਾਂ) ਦਾ ਨਕਸ਼ ਨਿਗਾਰ ਕਰ (ਨਕਸ਼ੇ ਚਿਤ੍ਰ) ਕੇ, ਰੰਗਾ ਰੰਗ ਦੇ ਬਾਗ ਲਗਾਂਵਦਾ ਈ।
ਸਫਾਂ ਪਿਛਲੀਆਂ ਸਭ ਲਪੇਟ ਲੈਂਦਾ, ਅਗੋਂ ਹੋਰ ਹੀ ਹੋਰ ਵਿਛਾਂਵਦਾ ਈ।
ਸ਼ਾਹ ਮੁਹੰਮਦਾ ਉਸ ਤੋਂ ਸਦਾ ਡਰੀਏ, ਬਾਦਸ਼ਾਹਾਂ ਤੋਂ ਭੀਖ ਮੰਗਾਂਵਦਾ ਈ।੧।

ਇਥੇ ਅਇਆਂ ਨੂੰ ਦੁਨੀਆਂ ਮੋਹ ਲੈਂਦੀ, ਦਗੇਬਾਜ਼ ਦਾ ਧਾਰ ਕੇ ਭੇਸ ਮੀਆਂ।
ਸਦਾ ਨਹੀਂ ਜਵਾਨੀ ਤੇ ਐਸ਼ ਮਾਪੇ, ਸਦਾ ਨਹੀਂ ਜੇ ਬਾਲ ਵਰੇਸ ਮੀਆਂ।
ਸਦਾ ਨਹੀਂ ਜੇ ਦੌਲਤਾਂ ਫੀਲ (ਹਾਥੀ), ਘੋੜੇ, ਸਦਾ ਨਹੀਂ ਜੇ ਰਾਜਿਆਂ ਦੇਸ ਮੀਆਂ।
ਸ਼ਾਹ ਮੁਹੰਮਦਾ ਸਦਾ ਨਾ ਰੂਪ ਦੁਨੀਆਂ, ਸਦਾ ਰਹਿਣ ਨਾ ਕਾਲੜੇ ਕੇਸ ਮੀਆਂ।੨।

ਇਕ ਦਿਨ ਵਡਾਲੇ (ਵਟਾਲੇ) ਦੇ ਵਿਚ ਬੈਠੇ, ਚੱਲੀ ਆਣ ਫਿਰੰਗੀ ਦੀ ਬਾਤ ਆਈ।
ਸਾਨੂੰ ਆਖਿਆ ਹੀਰੇ ਤੇ ਨੂਰ ਖਾਂ ਨੇ, ਜਿਨ੍ਹਾਂ ਨਾਲ ਸਾਡੀ ਮੁਲਾਕਾਤ ਹੋਈ।
ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ, ਸਿਰਾਂ ਦੋਹਾਂ ਦੇ ਉੱਤੇ ਆਫਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ, ਕਦੇ ਨਹੀਂ ਸੀ ਤੀਸਰੀ ਜਾਤ ਆਈ।੩।

ਏਹੁ ਜਗ ਸਰਾਏ ਮੁਸਾਫਰਾਂ ਦੀ, ਏਥੇ ਜ਼ੋਰ ਵਾਲੇ ਕਈ ਆਏ ਗਏ।
ਸ਼ਦਾਦ, ਨਮਰੂਦ, ਫਿਰਊਨ ਜੇਹੇ, ਦਾਹਵਾ ਬੰਨ੍ਹ ਖੁਦਾਇ ਕਹਾਏ ਗਏ।
ਅਕਬਰ ਸ਼ਾਹ ਜੇਹੇ ਵਿਚ ਦਿੱਲੀ ਦੇ ਜੀ, ਫੇਰੀ ਵਾਂਗ ਵਣਜਾਰਿਆਂ ਪਾਇ ਗਏ।
ਸ਼ਾਹ ਮੁਹੰਮਦਾ ਰਹੇਗਾ ਰੱਬ ਸੱਚਾ, ਵਾਜੇ ਕੂੜ ਦੇ ਕਈ ਵਜਾਇ ਗਏ।੪।

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ, ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ, ਕਸ਼ਮੀਰ, ਪਸ਼ੌਰ, ਚੰਬਾ, ਜੰਮੂ ਕਾਂਗੜਾ ਕੋਟ ਨਿਵਾਇ ਗਿਆ।
ਹੋਰ ਦੇਸ ਲਦਾਖ਼ ਤੇ ਚੀਨ ਤੋੜੀ, ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਦਾ ਜਾਣ (ਜਾਣੀ) ਪਚਾਸ ਬਰਸਾਂ, ਅੱਛਾ ਰੱਜ ਕੇ ਰਾਜ ਕਮਾਇ ਗਿਆ।੫।

ਜਦੋਂ ਹੋਏ ਸਰਕਾਰ ਦੇ ਸਵਾਸ ਪੂਰੇ, ਜਮਾਂ ਹੋਏ ਨੀ ਸਭ ਸਰਦਾਰ ਮੀਆਂ।
ਚੇਤ ਸਿੰਘ ਨੂੰ ਮਾਰਿਆ ਕੌਰ ਸਾਹਿਬ (ਨੌਨਿਹਾਲ ਸਿੰਘ), ਸ਼ੁਰੂ ਹੋਈ ਦਰਬਾਰ (ਵਿਚ) ਤਲਵਾਰ ਮੀਆਂ।
ਖੜਕ ਸਿੰਘ ਮਹਾਰਾਜ ਨੇ ਢਾਹ ਮਾਰੀ, ਮੋਇਆ ਮੁੱਢ ਕਦੀਮ ਦਾ (ਮੇਰਾ) ਯਾਰ ਮੀਆਂ।
ਸ਼ਾਹ ਮੁਹੰਦਾ ਅਸਾਂ ਭੀ ਨਾਲ ਮਰਨਾ, ਸਾਡਾ ਇਹੋ ਸੀ ਕੌਲ ਕਰਾਰ ਮੀਆਂ।੬।

ਮੇਰੇ ਬੈਠਿਆਂ ਇਨ੍ਹਾਂ ਨੇ ਖੂਨ ਕੀਤਾ, ਇਹ ਤਾਂ ਗਰਕ ਜਾਵੇ ਦਰਬਾਰ ਮੀਆਂ।
ਪਿਛੇ ਸਾਡੇ ਵੀ ਕੌਰ ਨਾ ਰਾਜ ਕਰਸੀ, ਅਸੀਂ ਮਰਾਂਗੇ ਏਸ ਨੂੰ ਮਾਰ ਮੀਆਂ।
ਨਾਹਕ ਦਾ ਇਨ੍ਹਾਂ ਨੇ ਖੂਨ ਕੀਤਾ, ਇਹ ਤਾਂ ਮਰਨਗੇ ਸਭ ਸਰਦਾਰ ਮੀਆਂ।
ਸ਼ਾਹ ਮੁਹੰਦਾ ਧੁਰੋਂ ਤਲਵਾਰ ਵੱਗੀ, ਸਭ ਕਤਲ ਹੁੰਦੇ ਵਾਰੋ ਵਾਰ ਮੀਆਂ।੭।

ਖੜਕ ਸਿੰਘ ਹੋਇਆ ਬਹੁਤ ਮਾਂਦਾ, ਬਰਸ ਇਕ ਪਿਛੋਂ ਵੱਸ ਕਾਲ ਹੋਇਆ।
ਆਈ ਮੌਤ ਨਾ ਅਟਕਿਆ ਇਕ ਘੜੀ, ਚੇਤ ਸਿੰਘ ਦੇ ਗਮ ਦੇ ਨਾਲ ਮੋਇਆ।
ਕੌਰ ਸਾਹਿਬ ਮਹਾਰਾਜੇ ਦੀ (ਮੌਤ ਦੀ) ਗਲ ਸੁਣ ਕੇ, ਜ਼ਰਾ ਗਮ ਦੇ ਨਾਲ ਨਾ ਮੂਲ ਰੋਇਆ।
ਸ਼ਾਹ ਮੁਹੰਮਦਾ ਕਈਆਂ ਦੇ ਮਾਰਨੇ ਨੂੰ, ਵਿਚ ਕੌਂਸਲੇ ਕੌਰ ਨੂੰ ਹੁਕਮ ਹੋਇਆ।੮।

ਖੜਕ ਸਿੰਘ ਮਹਾਰਾਜ ਨੂੰ ਚੁੱਕ ਲਿਆ, ਦੇਖੋ ਸਾੜਨੇ ਨੂੰ ਹੁਣ ਲੈ ਚੱਲੇ।
ਧਰਮ ਰਾਜ ਨੂੰ ਜਦੋਂ ਇਹ ਖਬਰ ਹੋਈ, ਕੌਰ ਮਾਰਨੇ ਨੂੰ ਓਸ ਦੂਤ ਘੱਲੇ।
ਮੰਾਰੋ ਮਾਰ ਕਰਦੇ ਦੂਤ ਆਣ ਵੜੇ, ਜਦੋਂ ਮੌਤ ਦੇ ਹੋਏ ਨੀ ਆਣ ਹੱਲੇ।
ਸ਼ਾਹ ਮੁਹੰਮਦਾ ਦੇਖ ਰਜ਼ਾਇ ਉਸ ਦੀ, ਊਧਮ ਸਿੰਘ (ਡੋਗਰੇ) ਤੇ ਕੌਰ ਦੇ ਸਾਸ ਚੱਲੇ।੯।

ਇਕ ਦੂਤ ਨੇ ਦੇਖ ਕੇ ਫਿਕਰ ਕੀਤਾ, ਪਲਕ ਵਿਚ ਦਰਵਾਜ਼ੇ ਦੇ ਆਇਆ ਈ।
ਜਿਹੜਾ ਧੁਰ ਦਰਗਾਹ ਦਾ ਹੁਕਮ ਆਂਦਾ, ਦੇਖੋ ਉਸ ਨੂੰ ਖੂਬ ਬਜਾਇਆ ਈ।
ਅੰਦਰ ਤਰਫ ਹਵੇਲੀ ਦੇ ਤੁਰੇ ਜਾਂਦੇ, ਛੱਜਾ ਢਾਹ ਦੋਹਾਂ ਉੱਤੇ ਪਾਇਆ ਈ।
ਸ਼ਾਹ ਮੁਹੰਮਦਾ ਊਧਮ ਸਿੰਘ ਥਾਊਂ ਮੋਇਆ, ਕੌਰ ਸਾਹਿਬ ਭੀ ਸਹਿਕਦਾ ਆਇਆ ਨੀ।੧੦।

ਅੱਠ ਪਹਿਰ ਲੁਕਾਇ ਕੇ ਰਖਿਓ ਨੇ, ਦੂਜੇ ਦਿਨ ਰਾਣੀ ਚੰਦ ਕੌਰ (ਕੌਰ ਦੀ ਮਾਂ) ਆਈ।
(ਪਤੀ) ਖੜਕ ਸਿੰਘ ਦਾ ਮੂਲ ਦਰੇਗ (ਸੋਗ) ਨਾਹੀਂ, (ਪੁੱਤ੍ਰ) ਕੌਰ ਸਾਹਿਬ ਤਾਈਂ ਓਥੇ ਰੋਣ ਆਈ।
ਹੁਣ ਮੋਇਆ ਤੇ ਕਰੋ ਸਸਕਾਰ ਇਸ ਦਾ, ਭਲਾ ਅਸੀਂ ਕਿਉਂ ਇਤਨੀ ਦੇਰ ਲਾਈ।
ਸ਼ਾਹ ਮੁਹੰਮਦਾ ਰੋਈ ਏ ਚੰਦ ਕੌਰਾਂ, ਜਿਸ ਦਾ ਮੋਇਆ ਪੁੱਤਰ ਸੋਹਣਾ ਸ਼ੇਰ ਸਾਈਂ।੧੧।

ਸ਼ੇਰ ਸਿੰਘ ਨੂੰ ਕਿਸੇ ਜਾ ਖਬਰ ਦਿੱਤੀ, ਜਿਸ ਦਾ ਮੋਇਆ ਭਤੀਜਾ, ਭਰਾ ਯਾਰੋ।
ਉਸ ਨੇ ਤੁਰਤ ਵਟਾਲਿਓਂ ਕੂਚ ਕੀਤਾ, ਰਾਤੀਂ ਆਂਵਦਾ ਘਤ ਵਹੀਰ ਯਾਰੋ।
ਜਦੋਂ ਆਣ ਕੇ ਹੋਇਆ ਲਾਹੌਰ ਦਾਖ਼ਲ, ਅੱਖੀਂ ਰੋਏ ਪਲੱਟਦਾ ਨੀਰ ਯਾਰੋ।
ਸ਼ਾਹ ਮੁਹੰਮਦਾ ਲੋਕ ਦਿਲਬਰੀ ਕਰਦੇ, ਚੰਦ ਕੌਰ ਹੋਈ ਦਿਲਗੀਰ (ਚਿੰਤਤ) ਯਾਰੋ।੧੨।

ਦਿੱਤੇ ਸੰਤਰੀ ਚਾਰ ਖਲ੍ਹਾਰ ਚੋਰੀਂ, ਸ਼ੇਰ ਸਿੰਘ ਅਜ ਅੰਦਰ ਆਵਣਾ ਜੇ।
ਤੁਰਤ ਫੂਕ ਦਿਉ ਤੁਸੀਂ ਕਾਰਬੀਨਾਂ (ਬੰਦੂਕਾਂ), ਇਕੋ ਘੜੀ ਵਿਚ ਮਾਰ ਮੁਕਾਵਣਾ ਜੇ।
ਸ਼ੇਰ ਸਿੰਘ ਨੂੰ ਰਾਜੇ (ਧਿਆਨ ਸਿੰਘ) ਨੇ ਖਬਰ ਦਿੱਤੀ, ਅੰਦਰ ਅਜੇ ਜ਼ਰੂਰ ਨਹੀਂ ਆਵਣਾ ਜੇ।
ਸ਼ਾਹ ਮੁਹੰਮਦਾ ਅਜੇ ਨਾ ਜ਼ੋਰ ਤੇਰਾ, ਤੈਨੂੰ ਅਸਾਂ ਹੀ ਅੰਤ ਸਦਾਵਣਾ ਜੇ।੧੩।

ਚੰਦ ਕੌਰ ਦੀ ਜੋ ਮੰਦੀ ਨਜ਼ਰ ਦੇਖੀ, ਦਗੇਬਾਜ਼ੀਆਂ ਹੋਰ ਬਥੇਰੀਆਂ ਨੀ।
ਓਨ (ਸ਼ੇਰ ਸਿੰਘ ਨੇ) ਤੁਰਤ ਲਾਹੌਰ ਥੀਂ ਕੂਚ ਕੀਤਾ, ਬੈਠਾ ਜਾਇ ਕੇ ਵਿਚ ਮੁਕੇਰੀਆਂ ਨੀ।
ਪਿੱਛੇ ਤਖ਼ਤ ਬੈਠੀ ਰਾਣੀ ਚੰਦ ਕੌਰਾਂ, ਦਿੰਦੇ ਆਣ ਮੁਸਾਹਿਬ (ਦਰਬਾਰੀ) ਦਲੇਰੀਆਂ ਨੀ।
ਸ਼ਾਹ ਮੁਹੰਮਦਾ ਕੌਰ ਨਾ ਜੰਮਣਾ ਏ, ਕਿਲੇ, ਕੋਟ ਤੇ ਰੱਯਤਾਂ ਤੇਰੀਆਂ ਨੀ।੧੪।

ਰਾਜੇ (ਧਿਆਨ ਸਿੰਘ) ਲਸ਼ਕਰਾਂ ਵਿਚ ਸਲਾਹ ਕੀਤੀ, ਸ਼ੇਰ ਸਿੰਘ ਨੂੰ ਕਿਵੇਂ ਸਦਾਈਏ ਜੀ।
ਉਹ ਤਾਂ ਪੁੱਤਰ ਸਰਕਾਰ ਦਾ ਫ਼ਤਿਹ ਜੰਗੀ, ਗੱਦੀ ਉਸ ਨੂੰ ਚਾਇ ਬਹਾਈਏ ਜੀ।
ਸਿੰਘਾਂ ਆਖਿਆ ਰਾਜਾ ਜੀ ਹੁਕਮ ਤੇਰਾ, ਜਿਸ ਨੂੰ ਕਹੇਂ ਸੋ ਫ਼ਤਿਹ ਬੁਲਾਈਏ ਜੀ।
ਸ਼ਾਹ ਮੁਹੰਮਦਾ ਗਲ ਜੋ ਮੂਹੋਂ ਕੱਢੇਂ, ਏਸੇ ਵਖਤ ਹੀ ਚਾਇ ਮੰਗਈਏ ਜੀ।੧੫।

ਬਾਈ ਦਿਨਾਂ ਦੀ ਰਾਜੇ ਨੇ ਲਈ ਰੁਖ਼ਸਤ, ਤੁਰਤ ਜੰਮੂ ਨੂੰ ਹੋਏ ਨੇ ਕੂਚ ਡੇਰੇ।
ਸ਼ੇਰ ਸਿੰਘ ਤਾਈਂ ਲਿਖ ਘੱਲੀ ਚਿਠੀ, ਮੈਂ ਤਾਂ ਰਫੂ (ਸੂਤ) ਕਰ ਛੱਡੇ ਨੀ ਕੰਮ ਤੇਰੇ।
ਧੌਂਸਾ ਮਾਰ ਕੇ ਪਹੁੰਚ ਲਾਹੌਰ ਜਲਦੀ, ਅਗੋਂ ਆਇ ਮਿਲਸਣ ਤੈਨੂੰ ਸਭ ਬੇੜੇ (ਦਸਤੇ)।
ਸ਼ਾਹ ਮੁਹੰਮਦਾ ਮਿਲਣਗੇ ਫਿਰ ਅਫਸਰ, ਜਿਸ ਵੇਲੜੇ ਸ਼ਹਿਰ ਦੇ ਗਇਓਂ ਨੇੜੇ।੧੬।

ਸ਼ੇਰ ਸਿੰਘ ਨੇ ਰਾਜੇ ਦਾ ਖ਼ਤ ਪੜ੍ਹ ਕੇ, ਫੌਜਾਂ ਤੁਰੰਤ ਲਾਹੌਰ ਨੂੰ ਘੱਲੀਆਂ ਨੀ।
ਘੋੜੇ ਹਿਣਕਦੇ ਤੇ ਮਾਰੂ (ਫੌਜੀ ਵਾਜੇ) ਵੱਜਦੇ ਨੀ, ਧੂੜ ਉਡ ਕੇ ਘਟਾ ਹੋ ਚੱਲੀਆਂ ਨੀ।
ਆਵੈ (ਭੱਠੇ) ਬੁਧੂ ਦੇ ਲਾਏ ਨੀ ਪਾਸ ਡੇਰੇ, ਫੌਜਾਂ ਲੱਥੀਆਂ ਆਣ ਇਕਲਆਂ ਨੀ।
ਸ਼ਾਹ ਮੁਹੰਦਾ ਆਣ ਜਾਂ ਮਿਲੇ ਅਫ਼ਸਰ, ਗੱਲਾਂ ਵਿਚ ਲਾਹੌਰ ਦੇ ਚੱਲੀਆਂ ਨੀ।੧੭।

ਸ਼ੇਰ ਸਿੰਘ ਬੁਧੂ ਦੇ ਆਵਿਓਂ ਜੀ, ਕਰ ਤੁਰਮ ਲਾਹੌਰ ਵਲ ਧਾਇਆ ਈ।
ਫਲੇ ਪੜਤਲਾਂ (ਪਲਟਣਾਂ) ਦੇ ਅਗੋਂ ਪਾੜ ਕੈ ਜੀ, ਸ਼ੇਰ ਸਿੰਘ ਨੂੰ ਤੁਰਤ ਲੰਘਾਇਆ ਈ
ਉਸ ਬਲੀ ਸ਼ਾਹਜ਼ਾਦੇ ਦਾ ਤੇਜ ਭਾਰੀ, ਜਿਸ ਕਿਲੇ ਨੂੰ ਮੋਰਚਾ ਲਾਇਆ ਈ।
ਸ਼ਾਹ ਮੁਹੰਮਦਾ ਹਾਰ ਕੇ ਵਿਚਲਿਆਂ ਨੇ, ਸ਼ੇਰ ਸਿੰਘ ਨੂੰ ਗੱਦੀ ਬਹਾਇਆ ਈ।੧੮।

ਸ਼ੇਰ ਸਿੰਘ ਗੱਦੀ ਉੱਤੇ ਆਣ ਬੈਠਾ, ਰਾਣੀ (ਚੰਦ ਕੌਰ) ਕੈਦ ਕਰ ਕੇ ਕਿਲ੍ਹੇ ਵਿਚ ਪਾਈ।
ਘਰ ਬੈਠਿਆਂ ਰੱਬ ਨੇ ਰਾਜ ਦਿੱਤਾ, ਓਹ ਮਲ ਬੈਠਾ ਸਾਰੀ ਪਾਤਸ਼ਾਹੀ।
ਬਰਸ ਹੋਇਆ ਜਾਂ ਉਸ ਨੂੰ ਕੈਦ ਅੰਦਰ, ਰਾਣੀ ਦਿਲ ਵਿਚ ਜੋ ਜਿੱਚ (ਰੜਕ) ਆਹੀ (ਸੀ)।
ਸ਼ਾਹ ਮੁਹੰਮਦਾ ਮਾਰ ਕੇ ਚੰਦ ਕੌਰਾਂ, ਸ਼ੇਰ ਸਿੰਘ ਨੇ ਗਲੋਂ ਬਲਾਇ ਲਾਹੀ।੧੯।

ਸ਼ੇਰ ਸਿੰਘ ਨੂੰ ਰੱਬ ਨੇ ਰਾਜ ਦਿੱਤਾ, ਲਿਆ ਖੋਹ ਲਾਹੌਰ ਜੋ ਰਾਣੀਆਂ ਥੀਂ।
ਸੰਧਾਂਵਾਲੀਆਂ ਦੇ ਦੇਸੋਂ ਪੈਰ ਖਿਸਕੇ, ਜਾ ਕੇ ਪੁਛ ਲੈ ਰਾਹ ਪੰਧਾਣੀਆਂ (ਪਾਂਧੀਆਂ) ਥੀਂ।
ਮੁੜ ਕੇ ਫੇਰ ਅਜੀਤ ਸਿੰਘ (ਸੰਧਾਵਾਲੀਏ) ਲਈ ਬਾਜ਼ੀ, ਪੈਦਾ ਹੋਇਆ ਸੀ ਅਸਲ ਸਵਾਣੀਆਂ ਥੀਂ।
ਸ਼ਾਹ ਮੁਹੰਮਦਾ ਜਮਿਆ ਅਲੀ ਅਕਬਰ, ਆਂਦਾ ਬਾਪ ਨੂੰ ਕਾਲਿਆਂ ਪਾਣੀਆਂ ਥੀਂ।੨੦।

ਜਿਨ੍ਹਾਂ ਗੋਲੀਆਂ ਨੇ ਮਾਰੀ ਚੰਦ ਕੌਰਾਂ, ਉਨ੍ਹਾਂ ਤਾਈਂ ਹਜ਼ੂਰ ਚਾ ਸੱਦਿਆ ਈ।
ਸ਼ੇਰ ਸਿੰਘ ਨੇ ਬੁਘੇ ਨੂੰ ਹੁਕਮ ਕੀਤਾ, ਉਨ੍ਹਾਂ (ਕਿਲ੍ਹੇ) ਅੰਦਰੋਂ ਬਾਹਰ ਚਾ ਕੱਢਿਆ ਈ।
ਰਾਜੇ (ਧਿਆਨ ਸਿੰਘ) ਸਿੰਘਾਂ ਦਾ ਗਿਲਾ ਮਿਟਾਵਣੇ ਨੂੰ, ਨੱਕ, ਕੰਨ ਚਾ ਉਨ੍ਹਾਂ ਦਾ ਵੱਢਿਆ ਈ।
ਸ਼ਾਹ ਮੁਹੰਮਦਾ ਲਾਹ ਕੇ ਸਭ ਜ਼ੇਵਰ, ਕਾਲਾ ਮੂੰਹ ਕਰ ਕੇ ਫੇਰ ਛੱਡਿਆ ਈ।੨੧।

ਬਰਸ ਹੋਇਆ ਜਾਂ ਹਾਜ਼ਰੀ ਲੈਣ ਬਦਲੇ, ਡੇਰਾ ਸ਼ਾਹ ਬਿਲਾਵਲ ਲਗਾਂਵਦਾ ਈ।
ਅਜੀਤ ਸਿੰਘ ਗੁਝੀ ਕਾਰਬੀਨ ਲੈ ਕੇ, ਸ਼ੇਰ ਸਿੰਘ ਨੂੰ ਆਣ ਵਿਖਾਂਵਦਾ ਈ।
ਸਿੱਧੀ ਜਦੋਂ ਸ਼ਾਹਜ਼ਾਦੇ ਨੇ ਨਜ਼ਰ ਕੀਤੀ, ਜਲਦੀ ਨਾਲ ਚਾ ਕਲਾ (ਘੋੜਾ) ਦਬਾਂਵਦਾ ਈ।
ਸ਼ਾਹ ਮੁਹੰਮਦਾ ਜ਼ਿਮੀਂ ਤੇ ਪਿਆ ਤੜਫੇ, ਤੇਗਾ ਮਾਰ ਕੇ ਸੀਸ ਉਡਾਂਵਦਾ ਈ।੨੨।

ਲਹਿਣਾ ਸਿੰਘ ਜੋ ਬਾਗ ਦੀ ਤਰਫ ਆਇਆ, ਅੱਗੇ *ਕੌਰ ਜੋ ਹੋਮ ਕਰਾਂਵਦਾ ਈ।
ਲਹਿਣਾ ਸਿੰਘ ਦੀ ਮੰਦੀ ਜੋ ਨਜ਼ਰ ਦੇਖੀ, ਅੱਗੋਂ ਰੱਬ ਦਾ ਵਾਸਤਾ ਪਾਂਵਦਾ ਈ।
ਮੈਂ ਤਾਂ ਕਰਾਂਗਾ ਬਾਬਾ ਜੀ ਟਹਿਲ ਤੇਰੀ, ਹੱਥ ਜੋੜ ਕੇ ਸੀਸ ਨਿਵਾਂਵਦਾ ਈ।
ਸ਼ਾਹ ਮੁਹੰਮਦਾ ਓਸ ਨਾ ਇਕ ਮੰਨੀ, ਤੇਗ ਮਾਰ ਕੇ ਸੀਸ ਲੈਜਾਂਵਦਾ ਈ।੨੩।

ਸ਼ੇਰ ਸਿੰਘ, ਪ੍ਰਤਾਪ ਸਿੰਘ ਮਾਰ ਕੇ ਜੀ, ਸੰਧਾਂਵਾਲੀਏ ਸ਼ਹਿਰ ਨੂੰ ਉੱਠ ਧਾਏ।
ਰਾਜਾ (ਧਿਆਨ ਸਿੰਘ) ਮਿਲਿਆ ਤਾਂ ਕਿਹਾ ਅਜੀਤ ਸਿੰਘ ਨੇ, ਸ਼ੇਰ ਸਿੰਘ ਨੂੰ ਮਾਰ ਕੇ ਅਸੀਂ ਆਏ।
ਗੱਲੀਂ ਲਾਇ ਕੇ ਤੇ ਕਿਲ੍ਹੇ ਵਿਚ ਆਂਦਾ, ਕੈਸੇ ਅਕਲ ਦੇ ਉਨ੍ਹਾਂ ਤੇ ਪੇਚ ਪਾਏ।
ਜਿਨ੍ਹਾਂ ਮਾਰੀ ਸੀ ਰਾਜਾ ਜੀ ਚੰਦ ਕੌਰਾਂ, ਸ਼ਾਹ ਮੁਹੰਮਦਾ ਉਨ੍ਹਾਂ ਦੇ ਸੀਸ ਲਾਹੇ।੨੪।

ਗੁਰਮੁਖ ਸਿੰਘ ਗਿਆਨੀ ਨੇ ਮੱਤ ਦਿੱਤੀ, ਤੁਸਾਂ ਇਹ ਕਿਉਂ ਜੀਂਵਦਾ ਛਿੱਡਿਆ ਜੇ।
ਮਗਰੋਂ ਮਿਹਰ ਘਸੀਟਾ ਤਾਂ ਬੋਲਿਆ ਈ, ਏਹ ਸੁਖਨ (ਬੋਲ) ਸਲਾਹੀ ਦਾ ਕੱਢਿਆ ਜੇ।
ਇਕ ਅਵਦਲੀ ਨੇ ਕਾਰਬੀਨ ਮਾਰੀ, ਰੱਸਾ ਆਸ ਉਮੀਦ ਦਾ ਵੱਢਿਆ ਜੇ।
ਸ਼ਾਹ ਮੁਹੰਮਦਾ ਜ਼ਿਮੀਂ ਤੇ ਪਿਆ ਤੜਫੇ, ਦਲੀਪ ਸਿੰਘ ਤਾਈਂ ਫੇਰ ਸੱਦਿਆ ਜੇ।੨੫।

ਪਹਿਲੇ ਰਾਜੇ ਦੇ ਖੂਨ ਦਾ ਲਾਇ ਟਿੱਕਾ, ਪਿੱਛੋਂ ਦਿੱਤੀਆਂ ਚਾਰ ਪਰਦਖਣਾ ਈ।
ਤੇਰੇ ਵਾਸਤੇ ਹੋਏ ਨੇ ਸਭ ਕਾਰੇ, ਅੱਗੇ ਸਾਹਿਬ ਸੱਚੇ ਤੈਨੂੰ ਰੱਖਣਾ ਈ।
ਸਾਨੂੰ ਘੜੀ ਦੀ ਕੁਝ ਉਮੀਦ ਨਾਹੀਂ, ਅੱਜ ਰਾਤ ਪ੍ਰਸਾਦ ਕਿਨ ਚੱਖਣਾ ਈ।
ਤੇਰੇ ਵੱਲ ਜੋ ਕਰੇਗਾ ਨਜ਼ਰ ਮੰਦੀ, ਸ਼ਾਹ ਮੁਹੰਮਦਾ ਕਰਾਂਗੇ ਸਖਣਾ ਈ।੨੬।

*ਹੀਰਾ ਸਿੰਘ* ਨੂੰ ਰਾਜੇ ਦੀ ਖਬਰ ਹੋਈ, ਸੂਬੇਦਾਰਾਂ ਨੂੰ ਸੱਦ ਕੇ ਤੁਰਤ ਚੜ੍ਹਿਆ।
ਧੌਂਸਾ ਮਾਰ ਕੇ ਫ਼ੌਜ ਲੈ ਨਾਲ ਸਾਰੀ, ਗੁੱਸੇ ਨਾਲ ਉਹ ਸ਼ਹਿਰ ਦੇ ਵਿਚ ਵੜਿਆ।
ਰਾਜਪੂਤ ਸੀ ਡੋਗਰਾ ਬਹੁਤ ਚੰਗਾ, ਸੰਧਾਵਾਲੀਆਂ ਦੇ ਨਾਲ ਖ਼ੂਬ ਲੜਿਆ।
ਸ਼ਾਹ ਮੁਹੰਮਦਾ ਅਜੀਤ ਸਿੰਘ ਮੋਇਆ ਲੱਥਾ, ਲਹਿਣਾ ਸਿੰਘ ਜੋ ਜੀਂਵਦਾ ਆਣ ਫੜਿਆ।੨੭।

ਧੋਹਾਂ ਧਿਰਾਂ ਤੋਂ ਬਹੁਤ ਸੂਰਮੱਤ ਹੋਈ, ਖੰਡਾ ਵਿਚ ਮੈਦਾਨ ਵਜਾਇ ਗਏ।
ਸ਼ੇਰ (ਅਜੀਤ?) ਸਿੰਘ ਨਾ ਕਿਸੇ ਨੂੰ ਵੱਧਣ ਦੇਂਦਾ, ਸਾਰੇ ਮੁਲਖ ਥੀਂ ਕਲਾ ਮਿਟਾਇ ਗਏ।
ਰਾਜਾ (ਧਿਆਨ ਸਿੰਘ) ਕਰਦਾ ਸੀ ਮੁਲਖ ਦੀ ਪਾਤਸ਼ਾਹੀ, ਪਿੱਛੇ ਰੱਯਤਾਂ ਨੂੰ ਵਖ਼ਤ ਪਾਇ ਗਏ।
ਸ਼ਾਹ ਮੁਹੰਮਦਾ ਮਾਰ ਕੇ ਮੋਏ ਦੋਵੇਂ, ਚੰਗੇ ਸੂਰਮੇ ਹੱਥ ਵਿਖਾਇ ਗਏ।੨੮।

ਦੁੱਲੇ ਭੱਟੀ ਨੂੰ ਗਾਂਵਦਾ ਜਗ ਸਾਰਾ, ਜੈਮਲ ਫੱਤੇ ਦੀਆਂ ਵਾਰਾਂ ਸਾਰੀਆਂ ਨੀ।
ਮੀਰ ਦਾਦ ਚੁਹਾਨ ਦੇ ਸੱਤਰ (ਹਰਮ) ਅੰਦਰ, ਮੋਈਆਂ ਰਾਣੀਆਂ ਮਾਰ ਕਟਾਰੀਆਂ ਨੀ
ਸੰਧਾਵਾਲੀਆਂ ਜਿਹੀ ਨਾ ਕਿਸੇ ਕੀਤੀ, ਤੇਗਾਂ ਵਿਚ ਦਰਬਾਰ ਦੇ ਮਾਰੀਆਂ ਨੀ।
ਸ਼ਾਹ ਮੁਹੰਮਦਾ ਮੋਏ ਨੀ ਬੀਰ ਹੋ ਕੇ, ਜਾਨਾਂ ਕੀਤੀਆਂ ਨਹੀਂ ਪਿਆਰੀਆਂ ਨੀ।੨੯।

ਪਿੱਛੇ ਆ ਕੇ ਸਭਨਾਂ ਨੂੰ ਫ਼ਿਕਰ ਹੋਇਆ, ਸੋਚੀ ਪਏ ਨੀ ਸਭ ਸਰਦਾਰ ਮੀਆਂ।
ਅਗੋਂ ਰਾਜ ਆਇਆ ਹੱਥ ਬੁਰਛਿਆਂ (ਗੁੰਡਿਆਂ) ਦੇ, ਪਈ ਖੜਕਦੀ ਨਿਤ ਤਲਵਾਰ ਮੀਆਂ।
ਗੱਦੀ ਵਾਲਿਆਂ ਨੂੰ ਜਿਹੜੇ ਮਾਰ ਲੈਂਦੇ, ਹੋਰ ਕਹੋ ਕਿਸ ਦੇ ਪਾਣੀਹਾਰ ਮੀਆਂ।
ਸ਼ਾਹ ਮੁਹੰਮਦਾ ਹੋਈ ਹੁਣ ਮੌਤ ਸਸਤੀ, ਖ਼ਾਲੀ ਨਹੀਂ ਜਾਣਾ ਕੋਈ ਵਾਰ ਮੀਆਂ।੩੦।

ਲਹਿਣਾ ਸਿੰਘ ਸਰਦਾਰ ਮਜੀਠੀਆ ਸੀ, ਵੱਡਾ ਅਕਲ ਦਾ ਕੋਟ ਕਮਾਲ ਮੀਆਂ।
ਮਹਾਂ ਬਲੀ ਸਰਦਾਰ ਸੀ ਪੰਥ ਵਿਚੋਂ, ਡਿੱਠੀ ਬਣੀ ਕੁਚੱਲਣੀ ਚਾਲ ਮੀਆਂ।
ਦਿੱਲ ਆਪਣੇ ਬੈਠ ਵਿਚਾਰ ਕਰਦਾ, ਏਥੇ ਕਈਆਂ ਦੇ ਹੋਣਗੇ ਕਾਲ ਮੀਆਂ।
ਸ਼ਾਹ ਮੁਹੰਮਦਾ ਤੁਰ ਗਿਆ ਤੀਰਥਾਂ ਨੂੰ, ਸਭੋ ਛੱਡ ਕੇ ਦੰਗ-ਦਵਾਲ (ਫਸਾਦ) ਮੀਆਂ।੩੧।

ਦਲੀਪ ਸਿੰਘ ਗੱਦੀ ਉੱਤੇ ਰਹੇ ਬੈਠਾ, ਹੀਰਾ ਸਿੰਘ ਜੋ ਰਾਜ ਕਮਾਂਵਦਾ ਈ।
ਜੱਲ੍ਹਾ ਉਸ ਦਾ ਖਾਸ ਵਜ਼ੀਰ ਹੈਸੀ, ਖ਼ਾਤਰ ਤਲੇ ਨਾ ਕਿਸੇ ਨੂੰ ਲਿਆਂਵਦਾ ਈ।
ਅੰਦਰ ਬਾਹਰ ਸਰਕਾਰ ਨੂੰ ਪਿਆ ਘੂਰੇ, ਕਹੇ ਕੁਝ ਤੇ ਕੁਝ ਕਮਾਂਵਦਾ ਈ।
ਸ਼ਾਹ ਮੁਹੰਮਦਾ ਪੰਥ ਨੂੰ ਦੁਖ ਦੇਂਦਾ, ਹੀਰਾ ਸਿੰਘ ਦਾ ਨਾਸ਼ ਕਰਾਂਵਦਾ ਈ।੩੨।

ਸਿੰਘਾਂ ਲਿਖਿਆ ਖ਼ਤ *ਸੁਚੇਤ ਸਿੰਘ ਨੂੰ, ਬੁਰਾ ਕਰਨ ਹਾਰਾ ਜੱਲ੍ਹਾ ਠੀਕਦਾ ਈ।
ਜਲਦੀ ਪਹੁੰਚ ਵਜ਼ੀਰ ਬਣਾ ਲਈਏ, ਤੈਨੂੰ ਖਾਲਸਾ ਪਿਆ ਉਡੀਕਦਾ ਈ।
ਅਕਸਰ ਰਾਜ ਪਿਆਰੇ ਨੀ ਰਾਜਿਆਂ ਨੂੰ, ਹੀਰਾ ਸਿੰਘ ਤਾਂ ਪੁੱਤਰ ਸ਼ਰੀਕ ਦਾ ਈ।
ਸ਼ਾਹ ਮੁਹੰਮਦਾ ਜੱਲ੍ਹੇ ਦਾ ਨੱਕ ਵੱਢੋ, ਭਜ ਜਾਇਗਾ ਮਾਰਿਆ ਲੀਕ (ਸ਼ਰਮ) ਦਾ ਈ।੩੩।

ਜਿਸ ਵੇਲੜੇ ਰਾਜੇ (ਸੁਚੇਤ ਸਿੰਘ) ਨੇ ਖ਼ਤ ਪੜ੍ਹਿਆ, ਜਾਮੇ ਵਿਚ ਨਾ ਮੂਲ ਸਮਾਂਵਦਾ ਈ।
ਵੱਗਾ ਤੱਗ ਲਾਹੌਰ ਨੂੰ ਅਸਾਂ ਜਾਣਾ, ਡੇਰੇ ਕਾਠੀਆਂ ਚਾ ਪਵਾਂਵਦਾ ਈ।
ਮੰਜੀ ਕਾਕੜੀਂ (ਲਾਹੌਰ ਲਾਗੇ ਥਾਂ) ਫੌਜ ਉਤਾਰ ਸਾਰੀ, ਬਾਈ ਆਦਮੀ ਲੈ ਆਂਵਦਾ ਈ।
ਸ਼ਾਹ ਮੁਹੰਮਦਾ ਆਣ ਲਾਹੌਰ ਪਹੁੰਚਾ, ਮੀਆਂ ਮੀਰ ਡੇਰਾ ਵਿਚ ਲਾਂਵਦਾ ਈ।੩੪।

ਹੀਰਾ ਸਿੰਘ ਨੂੰ ਰਾਜੇ ਦੀ ਖਬਰ ਹੋਈ, ਤੁਰਤ ਪੜਤਲ ਸਭ ਲਪੇਟੀਆਂ ਨੀ।
ਸਿੰਘਾਂ ਆਖਿਆ ਰਾਜਾ ਜੀ ਜਾਓ ਮੁੜਕੇ, ਫ਼ੌਜਾਂ ਰਹਿੰਦੀਆਂ ਨਹੀਂ ਸਮੇਟੀਆਂ ਨੀ।
ਸਿੰਘੋਂ ਜੀਂਦਾ ਜਾਣ ਮੁਹਾਲ ਜੰਮੂੰ, ਤਾਨ੍ਹੇ ਦੇਣ ਰਾਜਪੂਤੀ ਬੇਟੀਆਂ ਨੀ।
ਸ਼ਾਹ ਮੁਹੰਮਦਾ ਆਇਆ ਵਜ਼ੀਰੀ ਲੈ ਕੇ, ਆਖਣ ਸਭ ਪਹਾੜ ਡੁਮੇਟੀਆਂ (ਡੂਮ-ਬੇਟੀਆਂ)।੩੫।

ਤੋਪਾਂ ਜੋੜ ਕੇ ਪਲਟਨਾਂ ਨਾਲ ਲੈ ਕੇ, ਚਾਚੇ ਸੱਕੇ ਤੇ ਹੀਰਾ ਸਿੰਘ ਚੜ੍ਹਦਾ।
ਜਦੋਂ ਫ਼ੌਜ ਤੇ ਘਤਿਆ ਆਣ ਘੇਰਾ, ਖੰਡਾ ਖਿੱਚ ਕੇ ਸਾਰ ਦਾ ਹੱਥ ਫੜਦਾ।
ਭੀਮ ਸਿੰਘ ਤੇ ਕੇਸਰੀ ਸਿੰਘ ਸਾਰੇ, ਲੈ ਕੇ ਦੋਹਾਂ ਨੂੰ ਕਟਕ ਦੇ ਵਿਚ ਵੜਦਾ।
ਸ਼ਾਹ ਮੁਹੰਮਦਾ ਸਿੰਘਾਂ ਨੇ ਲਾਜ ਰੱਖੀ, ਮੱਥੇ ਸਾਮ੍ਹਣੇ ਹੋਇ ਕੇ ਖ਼ੂਬ ਲੜਦਾ।੩੬।

ਸਿੰਘ ਜੱਲ੍ਹੇ ਦੇ ਹੱਥੋਂ ਜੋ ਤੰਗ ਆਏ, ਦਿਲਾਂ ਵਿਚ ਕਚੀਚੀਆਂ ਖਾਂਵਦੇ ਨੀ।
ਅੱਗੇ ਸੱਤ ਤੇ ਅੱਠ ਸੀ ਤਲਬ (ਤਨਖਾਹ) ਸਾਰੀ, ਬਾਰਾਂ ਜ਼ੋਰ ਦੇ ਨਾਲ ਕਰਾਂਵਦੇ ਨੀ।
ਕਈ ਆਖਦੇ ਦਿਓ ਇਨਾਮ ਸਾਨੂੰ, ਲੈ ਕੇ ਬੁਕਤੀਆਂ ਚਾ ਗਲ ਪਾਂਵਦੇ ਨੀ।
ਸ਼ਾਹ ਮੁਹੰਮਦਾ ਜਲ੍ਹੇ ਦੇ ਮਾਰਨੇ ਨੂੰ, ਪੰਜ ਕੌਂਸਲੀ ਚਾਇ ਬਣਾਂਵਦੇ ਨੀ।੩੭।

ਹੋਇਆ ਹੁਕਮ ਜਾਂ ਬਹੁਤ ਮਹਾਵਤਾਂ ਨੂੰ, ਹੌਦੇ ਸੋਨੇ ਚਾਇ ਕਸਾਂਵਦੇ ਨੀ।
ਤਰਫ ਜੰਮੂੰ ਦੀ ਮੂੰਹ ਮੋੜ ਚਲੇ, ਸਾਨੂੰ ਆਇ ਕੇ ਸਿੰਘ ਮਨਾਂਵਦੇ ਨੀ।
ਘੇਰੇ ਅਜ਼ਲ ਦੇ, ਅਕਲ ਨਾ ਮੂਲ ਆਈ, ਬੁਰਾ ਆਪਣਾ ਆਪ ਕਰਾਂਵਦੇ ਨੀ।
ਸ਼ਾਹ ਮੁਹੰਮਦਾ ਸਿੰਘ ਲੈ ਮਿਲੇ ਤੋਪਾਂ, ਅਗੋਂ ਗੋਲੀਆਂ ਨਾਲ ਉਡਾਂਵਦੇ ਨੀ।੩੮।

ਹੀਰਾ ਸਿੰਘ ਤੇ ਜੱਲ੍ਹੇ ਨੂੰ ਮਾਰ ਕੇ ਜੀ, *ਜਵਾਹਰ ਸਿੰਘ ਵਜ਼ੀਰ ਬਣਾਂਵਦੇ ਨੀ।
ਤਰਫ ਜੰਮੂੰ ਦੀ ਮੂੰਹ ਮਰੋੜ ਚਲੇ, ਰਾਹੀਂ ਸ਼ੋਰ ਖਰੂਦ ਮਚਾਂਵਦੇ ਨੀ।
ਉਥੋਂ ਰਾਜਾ ਗੁਲਾਬ ਸਿੰਘ ਬੰਨ੍ਹ ਆਂਦਾ, ਕੈਂਠੇ ਫੇਰ ਲੈ ਕੇ ਗਲੀਂ ਪਾਂਵਦੇ ਨੀ।
ਸ਼ਾਹ ਮੁਹੰਮਦਾ ਅਸਾਂ ਹੁਣ ਕੜੇ ਲੈਣੇ, *ਜਵਾਹਰ ਸਿੰਘ ਨੂੰ ਆਖ ਸੁਣਾਂਵਦੇ ਨੀ।੩੯।

ਕਿਹਾ ਬੁਰਛਿਆਂ ਆਣ ਅੰਧੇਰ ਪਾਇਆ, ਜੇਹੜਾ ਬਹੇ ਗੱਦੀ ਉਹਨੂੰ ਮਾਰ ਲੈਂਦੇ।
ਕੜੇ ਕੈਂਠੇ ਇਨਾਮ ਰੁਪਏ ਬਾਰਾਂ, ਕਦੇ ਪੰਜ ਤੇ ਸੱਤ ਨਾ ਚਾਰ ਲੈਂਦੇ।
ਕਈ ਤੁਰੇ ਨੀ ਕਿਲ੍ਹੇ ਦੀ ਲੁਟ ਕਰਕੇ, ਕਈ ਸ਼ਹਿਰ ਦੇ ਲੁਟ ਬਜ਼ਾਰ ਲੈਂਦੇ।
ਸ਼ਾਹ ਮੁਹੰਮਦਾ ਚੜ੍ਹੇ ਮੁਫ਼ੇਲ ਭਈਏ (ਭਾਈਏ), ਪੈਸਾ ਤਲਬ ਦਾ ਨਾਲ ਪੈਜ਼ਾਰ (ਜੁਤੀ) ਲੈਂਦੇ।੪੦।

ਪਿੱਛੇ ਇਕ ਸਰਕਾਰ (ਰਣਜੀਤ ਸਿੰਘ) ਦੇ ਖੇਡ ਚੱਲੀ, ਪਈ ਨਿੱਤ ਹੁੰਦੀ ਮਾਰੋ ਮਾਰ ਮੀਆਂ।
ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ, ਸਭੋ ਕਤਲ ਹੋਏ ਵਾਰੋ ਵਾਰ ਮੀਆਂ।
ਸਿਰ ਫ਼ੌਜ ਦੇ ਰਿਹਾ ਨਾ ਕੋਈ ਕੁੰਡਾ, ਹੋਏ ਸ਼ੁਤਰ (ਊਠ) ਜਿਉਂ ਬਾਝ ਮੁਹਾਰ (ਨਕੇਲ) ਮੀਆਂ।
ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ, ਭੂਤ ਮੰਡਲੀ ਹੋਈ ਤਿਆਰ ਮੀਆਂ।੪੧।

ਜਵਾਹਰ ਸਿੰਘ ਦੇ ਉੱਤੇ ਨੀ ਚੜ੍ਹੇ ਨੀ ਸਾਰੇ, ਮੱਥਾ ਖੂਨੀਆਂ ਦੇ ਵਾਂਗ ਵੱਟਿਓ ਨੇ।
ਡਰਦਾ ਭਾਣਜੇ (ਦਲੀਪ ਸਿੰਘ) ਨੂੰ ਲੈ ਕੇ ਮਿਲਣ ਆਇਆ, ਅੱਗੋਂ ਨਾਲ ਸੰਗੀਨ ਦੇ ਫੱਟਿਓ ਨੇ।
ਸੀਖਾਂ ਨਾਲ ਅੜੁੰਬ ਕੇ ਫ਼ੀਲ (ਹਾਥੀ) ਉੱਤੋਂ, ਕੱਢ ਹੌਦਿਓਂ ਜ਼ਿਮੀਂ ਤੇ ਸੱਟਿਓ ਨੇ।
ਸ਼ਾਹ ਮੁਹੰਮਦਾ ਵਾਸਤੇ ਪਾਇ ਰਹਿਆ, ਸਿਰ ਨਾਲ ਤਲਵਾਰ ਦੇ ਕੱਟਿਓ ਨੇ।੪੨।

ਮਾਈ (ਰਾਣੀ ਜਿੰਦਾਂ) ਕੈਦ ਕਨਾਤ (ਤੰਬੂ) ਦੇ ਵਿਚ ਕੀਤੀ, ਕਿਸ ਨੂੰ ਰੋਇ ਕੇ ਪਈ ਸੁਣਾਵਣੀ ਹੈਂ।
ਤੇਰਾ ਕੌਣ ਹਮਾਇਤੀ ਸੁਣਨ ਵਾਲਾ, ਜਿਸ ਨੂੰ ਪਾਇ ਕੇ ਵੈਣ ਦਿਖਾਵਣੀ ਹੈਂ।
ਕਿਹੜੇ ਪਾਤਸ਼ਾਹ ਦਾ ਪੁੱਤ ਮੋਇਆ ਸਾਥੋਂ, ਜਿਹੜੇ ਡੂੰਘੜੇ ਵੈਣ ਤੂੰ ਪਾਵਣੀ ਹੈਂ।
ਸ਼ਾਹ ਮੁਹੰਮਦਾ ਦੇ ਇਨਾਮ ਸਾਨੂੰ, ਸਾਡੇ ਜ਼ੋਰ ਤੇ ਰਾਜ ਕਮਾਵਣੀ ਹੈਂ।੪੩।

ਪਈ ਝੂਰਦੀ ਏ ਰਾਣੀ ਜਿੰਦ ਕੌਰਾਂ, ਕਿਥੋਂ ਕੱਢਾਂ ਮੈਂ ਕਲਗੀਆਂ ਨਿੱਤ ਤੋੜੇ (ਕੰਠੇ, ਧੰਨ)।
ਮੇਰੇ ਸਾਮ੍ਹਣੇ ਕੋਇਆ (ਕੋਹਿਆ) ਹੈ ਵੀਰ ਮੇਰਾ, ਜਿਸਦੀ ਤਾਬਿਆ ਲੱਖ ਹਜ਼ਾਰ ਘੋੜੇ।
ਕਿਥੋਂ ਕੱਢਾਂ ਮੈਂ ਦੇਸ ਫਿਰੰਗੀਆਂ ਦਾ, ਕੋਈ ਮਿਲੇ ਜੋ ਇਨ੍ਹਾਂ ਦਾ ਗਰਬ ਤੋੜੇ।
ਸ਼ਾਹ ਮੁਹੰਮਦਾ ਓਸ ਥੀਂ ਜਾਨ ਵਾਰਾਂ, ਜਵਾਹਰ ਸਿੰਘ ਦਾ ਵੈਰ ਜੋ ਕੋਈ ਮੋੜੇ।੪੪।

ਮੈਨੂੰ ਆਣ ਚਫੇਰਿਓਂ ਘੂਰਦੇ ਨੀ, ਲੈਂਦੇ ਮੁਫ਼ਤ ਇਨਾਮ ਰੁਪਏ ਬਾਰਾਂ।
ਜੱਟੀ ਹੋਵਾਂ ਤੇ ਕਰਾਂ ਪੰਜਾਬ ਰੰਡੀ, ਸਾਰੇ ਦੇਸ ਵਿਚ ਚਾ ਤੁਰਨ ਵਾਰਾਂ।
ਛੱਢਾਂ ਨਹੀਂ ਲਾਹੌਰ ਵਿਚ ਵੜਨ ਜੋਗੇ, ਸਣੇ ਵੱਡਿਆਂ ਅਫਸਰਾਂ ਜਮਾਂਦਾਰਾਂ।
ਪਏ ਰੁਲਣ ਇਹ ਵਿਚ ਪਰਦੇਸ ਮੁਰਦੇ, ਸ਼ਾਹ ਮੁਹੰਮਦਾ ਮਾਰਨੀ ਏਸ ਮਾਰਾਂ।੪੫।

ਜਿਨ੍ਹਾਂ ਮਾਰਿਆ ਕੋਹਿ ਕੇ ਵੀਰ ਮੇਰਾ, ਮੈਂ ਖੋਹਾਂਗੀ ਉਨ੍ਹਾਂ ਦੀ ਜੁੰਡੀਆ ਨੀ।
ਧਾਕਾਂ ਜਾਣ ਵਲਾਇਤੀਂ ਦੇਸ ਸਾਰੇ, ਪਾਵਾਂ ਬੱਕਰੇ ਵਾਂਗ ਚਾ ਵੰਡੀਆਂ ਨੀ।
ਚੂੜੇ ਲਹਿਣਗੇ ਬਹੁਤ ਸੁਹਾਗਣਾ ਦੇ, ਨੱਥ, ਚੌਂਕ, ਤੇ ਵਾਲੀਆਂ, ਡੰਡੀਆਂ ਨੀ।
ਸ਼ਾਹ ਮੁਹੰਮਦਾ ਪੈਣਗੇ ਵੈਣ ਡੂੰਘੇ, ਜਦੋਂ ਹੋਣ ਪੰਜਾਬਣਾ ਰੰਡੀਆਂ ਨੀ।੪੬।

ਅਰਜ਼ੀ ਲਿਖੀ ਫਿਰੰਗੀ ਨੂੰ ਕੁੰਜ ਗੋਸ਼ੇ (ਗੁਪਤ), ਪਹਿਲੇ ਆਪਣਾ ਸੁਖ ਅਨੰਦ ਵਾਰੀ।
ਤੇਰੇ ਵਲ ਮੈਂ ਫੌਜਾਂ ਨੂੰ ਘਲਨੀਆਂ, ਖੱਟੇ ਕਰੀਂ ਤੂੰ ਇਨ੍ਹਾਂ ਦੇ ਦੰਦ ਵਾਰੀ।
ਜਿਹੜਾ ਜ਼ੋਰ ਤੂੰ ਆਪਣਾ ਸਭ ਲਾਵੀਂ, ਪਿੱਛੇ ਖਰਚ ਮੈਂ ਕਰਾਂਗੀ ਬੰਦ ਵਾਰੀ।
ਸ਼ਾਹ ਮੁਹੰਮਦਾ ਫੇਰ ਨਾ ਆਉਣ ਮੁੜਕੇ, ਮੈਨੂੰ ਇਤਨੀ ਬਾਤ ਪਸੰਦ ਵਾਰੀ।੪੭।

ਪਹਿਲੇ ਪਾਰ ਦਾ ਮੁਲਖ ਤੂੰ ਮਲ ਸਾਡਾ, ਆਪੇ ਖਾ ਗੁੱਸਾ ਤੈਥੀਂ ਆਵਣੀਗੇ।
ਸੋਈ ਲੜਨਗੇ ਹੋਣ ਬੇਖਬਰ ਜਿਹੜੇ, ਮੱਥਾ ਕਦੀ ਸਰਦਾਰ ਨਾ ਡਾਹਵਣੀਗੇ।
ਏਸੇ ਵਾਸਤੇ ਫੌਜ ਮੈਂ ਪਾੜ ਛੱਡੀ, ਕਈ ਭਾਂਜ ਅਚਾਨਕੀ ਖਾਵਣੀਗੇ।
ਸ਼ਾਹ ਮੁਹੰਮਦਾ ਲਾਟ ਜੀ ਕਟਕ ਤੇਰੇ, ਮੇਰੇ ਗਲੋਂ ਤਰਗੜੀ ਲਾਹਵਣੀਗੇ।੪੮।

ਨਡਨ (ਲਡਨ) ਕੰਪਨੀ ਸਾਹਿਬ ਕਿਤਾਬ ਡਿੱਠੀ, ਇਨ੍ਹਾਂ ਲਾਟਾਂ ਵਿਚੋਂ ਕੌਣ ਲੜੇਗਾ ਜੀ।
ਟੁੰਡੇ ਲਾਟ ਨੇ ਚੁੱਕਿਆ ਆਣ ਬੀੜਾ, ਹਮੀਂ ਜਾਇ ਕੇ ਸੀਖ ਕੋ ਅੜੇਗਾ ਜੀ।
ਘੰਟੇ ਤੀਨ ਮੈਂ ਜਾ ਲਾਹੌਰ ਮਾਰਾਂ, ਐਸੀ ਬਾਤ ਮੈਂ ਫ਼ਰਕ ਨਾ ਪੜੇਗਾ ਜੀ।
ਸ਼ਾਹ ਮੁਹੰਮਦਾ ਫਗਣੋਨ ਤੇਰ੍ਹਵੀਂ ਨੂੰ, ਹਮ ਸ਼ਹਿਰ ਲਾਹੌਰ ਵਿਚ ਵੜੇਗਾ ਜੀ।੪੯।

ਵੱਜੀ ਤਰਮ, ਤੰਬੂਰ ਕਰਨਾਇ ਸ਼ੁਤਰੀ, ਤੰਬੂ ਬੈਰਕਾਂ ਨਾਲ ਨਿਸ਼ਾਨ ਮੀਆਂ।
ਕੋਤਲ ਬਘੀਆਂ ਪਾਲਕੀ ਤੋਪਖਾਨੇ, ਦੂਰਬੀਨ ਚੰਗੀ ਸਾਇਬਾਨ ਮੀਆਂ।
ਚੜ੍ਹਿਆ ਨੰਦਨੋਂ ਲਾਟ ਉਠਾਇ ਬੀੜਾ, ਡੇਰਾ ਪਾਂਵਦਾ ਵਿਚ ਮੈਦਾਨ ਮੀਆਂ।
ਸ਼ਾਹ ਮੁਹੰਮਦਾ ਗੋਰਿਆਂ ਛੇੜ ਛੇੜੀ, ਮੁਲਕ ਪਾਰ ਦਾ ਮਲਿਆ ਆਣ ਮੀਆਂ।੫੦।

ਫਰਾਂਸੀਸਾਂ ਨੂੰ ਅੰਦਰੋਂ ਹੁਕਮ ਹੋਇਆ, ਤੁਸੀਂ ਜਾਉ ਖਾਂ ਤਰਫ ਕਸ਼ਮੀਰ ਨੂੰ ਜੀ।
ਉਨ੍ਹਾਂ ਰੱਬ ਦਾ ਵਾਸਤਾ ਪਾਇਆ ਈ, ਮਾਈ (ਜਿੰਦਾਂ) ਫੜੀਂ ਨਾ ਕਿਸੇ ਤਕਸੀਰ ਨੂੰ ਜੀ।
ਪਾਰੋਂ ਮੁਲਕ ਫ਼ਿਰੰਗੀਆਂ ਮਲ ਲਿਆ, ਅਸੀਂ ਮਾਰਾਂਗੇ ਓਸ ਬੇਪੀਰ ਨੂੰ ਜੀ।
ਸ਼ਾਹ ਮੁਹੰਮਦਾ ਆਏ ਨੀ ਹੋਰ ਪਰਿਓਂ, ਅਸਾਂ ਡੱਕਣਾ ਓਸ ਵਹੀਰ ਨੂੰ ਜੀ।੫੧।

ਮਾਈ ਅਖਿਆ ਸਭ ਚੜ੍ਹ ਜਾਣ ਫ਼ੌਜਾਂ, ਬੂਹੇ ਸ਼ਹਿਰ ਦੇ ਰਹਿਣ ਨਾ ਸਖਣੇ ਜੀ।
ਮੁਸਲਮਾਨੀਆਂ ਪੜਤਲਾਂ (ਪਲਟਨਾਂ) ਰਹਿਣ ਏਥੇ, ਘੋੜ ਚੜ੍ਹੇ ਨਾਹੀਂ ਏਥੇ ਰਖਣੇ ਜੀ।
ਕੰਠੇ ਕਲਗੀਆਂ ਵਾਲੜੇ ਹੋਣ ਅੱਗੇ, ਮੋਹਰੇ ਹੋਰ ਗਰੀਬ ਨਾ ਧੱਕਣੇ ਜੀ।
ਸ਼ਾਹ ਮੁਹੰਮਦਾ ਜਿਨ੍ਹਾਂ ਦੀ ਤਲਬ ਤੇਰਾਂ, ਮਜ਼ੇ ਤਿਨ੍ਹਾਂ ਲੜਾਈ ਦੇ ਚਖਣੇ ਜੀ।੫੨।

ਸਾਰੇ ਪੰਥ ਨੂੰ ਸੱਦ ਕੇ ਕਹਿਣ ਲੱਗੀ, ਮੈਥੋਂ ਗਏ ਖ਼ਜ਼ਾਨੇ ਨਿਖੁੱਟ ਵਾਰੀ।
ਜਮਨਾ ਤੀਕਰਾਂ ਪਿਆ ਜੇ ਦੇਸ ਸੁੰਞਾ, ਖਾਉ ਦੇਸ ਫਿਰੰਗੀ ਦਾ ਲੁਟ ਵਾਰੀ।
ਮਾਰੋ ਸ਼ਹਿਰ ਫਿਰੋਜ਼ਪੁਰ ਲੁਧਿਆਣਾ, ਸੁੱਟੋ ਛਾਵਣੀ ਓਸ ਦੀ ਪੁਟ ਵਾਰੀ।
ਸ਼ਾਹ ਮੁਹੰਮਦਾ ਲਵੋ ਇਨਾਮ ਮੈਥੋਂ, ਕੜੇ ਕੰਠੇ ਮੈਂ ਦੇਵਾਂਗੀ ਸੁੱਟ ਵਾਰੀ।੫੩।

ਸਿੰਘਾਂ ਆਖਿਆ ਲੜਾਂਗੇ ਹੋ ਟੋਟੇ, ਸਾਨੂੰ ਖਬਰ ਘੱਲੀਂ ਦਿਨੇ ਰਾਤ ਮਾਈ।
ਤੇਰੀ ਨੌਕਰੀ ਵਿਚ ਨਾ ਫ਼ਰਕ ਕਰਸਾਂ, ਭਾਵੇਂ ਖੂਹ ਘੱਤੀਂ ਭਾਵੇਂ ਖਾਤ (ਟੋਏ) ਮਾਈ।
ਸਿੰਘਾਂ ਭੋਲਿਆਂ ਮੂਲ ਨਾ ਸਹੀ ਕੀਤਾ, ਗੁੱਝਾ ਕਰਨ ਲੱਗੀ ਸਾਡਾ ਘਾਤ ਮਾਈ।
ਸ਼ਾਹ ਮੁਹੰਮਦਾ ਅਜੇ ਨਾ ਜਾਣਿਓ ਨੇ, ਖਾਲੀ ਪਈ ਏ ਚੋਪੜੀ ਪ੍ਰਾਤ ਮਾਈ।੫੪।

ਦਿੱਤੀ ਮਾਈ ਨੇ ਜਦੋਂ ਦਿਲਬਰੀ ਭਾਰੀ, ਸਿੰਘ ਬੈਠੇ ਨੀ ਹੋਏ ਸੁਚੇਤ ਮੀਆਂ।
ਸੱਚੇ ਸਾਹਿਬ ਦੇ ਹੱਥ ਨੀ ਸੱਭ ਗੱਲਾਂ, ਕਿਸੇ ਹਾਰ ਦੇਵੇ ਕਿਸੇ ਜੇਤ ਮੀਆਂ।
ਇਕ ਲੱਖ ਬੇਟਾ ਸਵਾ ਲੱਖ ਪੋਤਾ, ਰਾਵਣ ਮਾਰਿਆ ਘਰ ਦੇ ਭੇਤ ਮੀਆਂ।
ਸ਼ਾਹ ਮੁਹੰਮਦਾ ਜਾਣਦਾ ਜਗ ਸਾਰਾ, ਕਈ ਸੂਰਮੇਂ ਆਉਣਗੇ ਖੇਤ ਮੀਆਂ।੫੫।

ਸਿੰਘਾਂ ਸਾਰਿਆਂ ਬੈਠ ਗੁਰਮਤਾ ਕੀਤਾ, ਚਲੋ ਜਾਏ ਫ਼ਿਰੰਗੀ ਨੂੰ ਮਾਰੀਏ ਜੀ।
ਇਕ ਵਾਰ ਜੇ ਸਾਹਮਣੇ ਹੋਇ ਸਾਡੇ, ਇਕ ਘੜੀ ਵਿਚ ਪਾਰ ਉਤਾਰੀਏ ਜੀ।
ਵੀਰ ਸਿੰਘ ਜੇਹੇ ਅਸਾਂ ਨਹੀਂ ਛੱਡੇ, ਅਸੀਂ ਕਦੀ ਨਾ ਓਸ ਤੋ ਹਾਰੀਏ ਜੀ।

ਜ਼ਬਤ ਕਰਾਂਗੇ ਮਾਲ ਫ਼ਿਰੰਗੀਆਂ ਦਾ, ਲੁੱਟ ਲਵਾਂਗੇ ਦੌਲਤਾਂ ਬੋਰੀਆਂ ਜੀ।
ਫੇਰ ਵੜਾਂਗੇ ਉਨ੍ਹਾਂ ਦੇ ਸਤਰ(ਇਸਤ੍ਰੀ)-ਖਾਨੇ, ਬੰਨ੍ਹ ਲਵਾਂਗੇ ਸਾਰੀਆਂ ਗੋਰੀਆਂ ਨੀ।
ਕਾਬਲ ਵਿਚ ਪਠਾਣ ਜਿਉਂ ਅਲੀ ਅਕਬਰ (ਸ਼ਾਹ ਨੇ), ਮਾਰ ਵੱਢ ਕੇ ਕੀਤੀਆਂ ਪੋਰੀਆਂ ਨੀ
ਸ਼ਾਹ ਮੁਹੰਮਦਾ ਲਵਾਂਗੇ ਫੇਰ ਕੰਠੇ, ਤਿੱਲੇਦਾਰ ਜੋ ਰੇਸ਼ਮੀ ਡੋਰੀਆਂ ਨੀ।੫੭।

ਧੌਂਸਾ ਵੱਜਿਆ ਕੂਚ ਦਾ ਹੁਕਮ ਹੋਇਆ, ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ।
ਚੜ੍ਹੇ ਪੁੱਤਰ ਸਰਦਾਰਾਂ ਦੇ ਛੈਲ ਬੰਕੇ। ਜੈਸੇ ਬੇਲਿਓ ਨਿਕਲਦੇ ਸ਼ੇਰ ਮੀਆਂ।
ਚੜ੍ਹੇ ਸਭ ਮਝੈਲ ਦੁਆਬੀਏ ਜੀ, ਜਿਨ੍ਹਾਂ ਕਿਲ੍ਹੇ ਨਿਵਾਏ ਨੇ ਢੇਰ ਮੀਆਂ।
ਸ਼ਾਂਹ ਮੁਹੰਮਦਾ ਚੜ੍ਹੇ ਜਮੂਰ(ਤੋਪ)-ਖਾਨੇ, ਹੋਇਆ ਹੁਕਮ ਨਾ ਲਾਂਵਦੇ ਦੇਰ ਮੀਆਂ।੫੮।

ਸ਼ਾਮ ਸਿੰਘ ਸਰਦਾਰ ਨੇ ਕੂਚ ਕੀਤਾ, *ਜੱਲ੍ਹੇ ਵਾਲੀਏ ਬਣਤ ਬਣਾਵਦੇ ਨੀ।
ਆਏ ਹੋਰ ਪਹਾੜ ਦੇ ਸਭ ਰਾਜੇ ਜਿਹੜੇ ਤੇਗ ਦੇ ਧਨੀ ਕਹਾਂਵਦੇ ਨੀ।
ਚੜ੍ਹੇ ਸਭ ਸਰਦਾਰ ਮਜੀਠੀਏ ਜੀ, ਸੰਧਾਂਵਾਲੀਏ ਕਾਠੀਆਂ ਪਾਂਵਦੇ ਨੀ।
ਸ਼ਾਹ ਮੁਹੰਮਦਾ ਚੜ੍ਹੀ ਅਕਾਲ ਰਜਮੰਟ, ਖੰਡੇ ਸਾਰ ਦੇ ਸਿਕਲ ਕਰਾਂਵਦੇ ਨੀ।੫੯।

*ਸਰਦਾਰ ਰਾਮ ਸਿੰਘ, ਅਮਰ ਸਿੰਘ, ਆਦਿ

ਮਜ਼ਹਰ ਅਲੀ ਤੇ ਮਾਘੇ ਖਾਂ ਕੂਚ ਕੀਤਾ, ਤੋਪਾਂ ਸ਼ਹਿਰ ਥੀਂ ਬਾਹਰ ਨਿਕਾਲੀਆਂ ਨੀ।
ਬੇੜਾ ਚਾੜ੍ਹਿਆ ਸੁਲਤਾਨ ਮਹਿਮੂਦ ਵਾਲਾ, ਤੋਪਾਂ ਨਾਲ ਇਮਾਮ ਸ਼ਾਹ ਵਾਲੀਆਂ ਨੀ।
ਇਲਾਹੀ ਬਖ਼ਸ਼ ਪਟੋਲੀ ਮਾਂਜ ਕੇ ਜੀ, ਧੂਪ ਦੇਇ ਕੇ ਤਖ਼ਤ ਬਹਾਲੀਆਂ ਨੀ।
ਸ਼ਾਹ ਮੁਹੰਮਦਾ ਐਸੀਆਂ ਲਿਸ਼ਕ ਆਈਆਂ, ਬਿਜਲੀ ਵਾਂਗ ਜੋ ਦੇਣ ਵਿਖਾਲੀਆਂ ਨੀ।੬੦।

ਸੁਣ ਕੇ ਖ਼ਬਰ ਫ਼ਿਰੰਗੀ ਦੀ ਚੜ੍ਹੇ ਸਭੇ, ਫ਼ੌਜਾਂ ਬੇਮੁਹਾਰੀਆਂ ਹੋ ਤੁਰੀਆਂ।
ਫੇਰ ਵਾਰ ਕੁਵਾਰ ਨਾ ਕਿਸੇ ਡਿੱਠਾ, ਇਕ ਦੂਸਰੇ ਦੇ ਪਿੱਛੇ ਲੱਗ ਟੁਰੀਆਂ।
ਅੱਗੇ ਤੋਪਾਂ ਦੇ ਧਨੀ ਭੀ ਹੈਨ ਗੋਰੇ, ਵੰਗਾਂ ਪਹਿਣ ਖਲੋਤੀਆਂ ਨਹੀਂ ਕੁੜੀਆਂ।
ਸ਼ਾਹ ਮੁਹੰਮਦਾ ਵਰਜ ਨਾ ਜਾਂਦਿਆਂ ਨੂੰ, ਫ਼ੌਜਾਂ ਹੋ ਮੁਹਾਨੀਆਂ ਕਦੋਂ ਮੁੜੀਆਂ।੬੧।

ਛੜ੍ਹੇ ਸ਼ਹਿਰ ਲਾਹੌਰ ਥੀਂ ਮਾਰ ਧੌਂਸੇ, ਸਭੇ ਗਰਬ ਹੰਕਾਰ ਦੇ ਨਾਲ ਤੁਰਦੇ।
ਉਰੇ ਦੋਵਾਂ ਦਰਿਆਵਾਂ ਤੇ ਨਹੀਂ ਅਟਕੇ, ਪਤਨ ਲੰਘੇ ਨੀ ਜਾ ਫੀਰੋਜ਼ਪੁਰ ਦੇ।
ਅੱਗੇ ਛੇੜਿਆ ਨਹੀਂ ਫ਼ਿਰੰਗੀਆਂ ਨੂੰ, ਦੋਹਾਂ ਧਿਰਾਂ ਦੇ ਰੁਲਣਗੇ ਬਹੁਤ ਮੁਰਦੇ।
ਸ਼ਾਹ ਮੁਹੰਮਦਾ ਭੱਜਣਾ ਰਣੋਂ ਭਾਰੀ, ਜੁਟੇ ਸੂਰਮੇ ਆਖ ਤੂੰ ਕਦੋਂ ਮੁੜਦੇ।੬੨।

ਲ਼ੱਗੀ ਧਮਕ ਸਾਰੇ ਹਿੰਦੁਸਤਾਨ ਅੰਦਰ, ਦਿੱਲੀ, ਆਗਰੇ, ਹਾਂਸੀ, ਹਿਸਾਰ ਮੀਆਂ।
ਬੀਕਾਨੇਰ, ਲਖਨਊ, ਅਜਮੇਰ, ਜੈਪੁਰ, ਪਈਆਂ ਭਾਜੜਾਂ ਜਮਨਾ ਤੋਂ ਪਾਰ ਮੀਆਂ।
ਚੱਲੀ ਸਭ ਪੰਜਾਬ ਦੀ ਬਾਦਸ਼ਾਹੀ, ਨਹੀਂ ਦਲਾਂ ਦਾ ਅੰਤ ਸ਼ੁਮਾਰ ਮੀਆਂ।
ਸ਼ਾਹ ਮੁਹੰਮਦਾ ਕਿਸੇ ਨਾ ਅਟਕਣਾ ਈ, ਸਿੰਘ ਰਹਿਣਗੇ ਦਿੱਲੀ ਨੂੰ ਮਾਰ ਮੀਆਂ।੬੩।

ਅਰਜ਼ੀ ਲਿਖੀ ਫ਼ਿਰੰਗੀਆਂ ਖਾਲਸੇ ਨੂੰ, ਤੁਸੀਂ ਕਾਸ ਨੂੰ ਜੰਗ ਮਚਾਂਵਦੇ ਹੋ।
ਮਹਾਰਾਜੇ ਦੇ ਨਾਲ ਸੀ ਨੇਮ ਸਾਡਾ, ਤੁਸੀਂ ਸੁੱਤੀਆਂ ਕਲਾਂ ਜਗਾਂਵਦੇ ਹੋ।
ਕਈ ਲੱਖ ਰੁਪਏ ਲੇ ਜਾਓ ਸਾਥੋਂ, ਦਿਆਂ ਹੋਰ ਜੋ ਤੁਸੀਂ ਫਰਮਾਂਵਦੇ ਹੋ।
ਸ਼ਾਹ ਮੁਹੰਮਦਾ ਅਸਾਂ ਨਾ ਮੂਲ਼ ਲੜਨਾ, ਤੁਸੀਂ ਏਤਨਾ ਜ਼ੋਰ ਕਿਉਂ ਲਾਂਵਦੇ ਹੋ।੬੪।

ਸਿੰਘਾਂ ਲਿਖਿਆ ਖ਼ਤ ਫਿਰੰਗੀਆਂ ਨੂੰ, ਤੈਨੂੰ ਮਾਰਾਂਗੇ ਅਸੀਂ ਵੰਗਾਰ ਕੇ ਜੀ।
ਸਾਨੂੰ ਨਹੀਂ ਰੁਪਏ ਦੀ ਲੋੜ ਕਾਈ, ਭਾਵੇਂ ਦੇਹ ਤੂੰ ਢੇਰ ਉਸਾਰ ਕੇ ਜੀ।
ਉਹੋ ਪੰਥ ਤੇਰੇ ਉੱਤੇ ਆਣ ਚੜ੍ਹਿਆ, ਜਿਹੜਾ ਆਇਆ ਸੀ ਜੰਮੂੰ ਨੂੰ ਮਾਰ ਕੇ ਜੀ।
ਸ਼ਾਹ ਮੁਹੰਮਦਾ ਸਾਮ੍ਹਣੇ ਡਾਹ ਤੋਪਾਂ, ਸੂਰੇ ਕੱਢ ਮੈਦਾਨ ਨਿਤਾਰ ਕੇ ਜੀ।੬੫।

ਪੈਂਚ ਲਿਖਦੇ ਸਾਰੀਆਂ ਪੜਤਲਾਂ ਦੇ, ਸਾਡੀ ਅੱਜ ਹੈ ਵੱਡੀ ਚਲੰਤ ਮੀਆਂ।
ਵੀਰ ਸਿੰਘ ਨੂੰ ਮਾਰਿਆ ਡਾਹਿ ਤੋਪਾਂ, ਨਹੀਂ ਛੱਡਿਆ ਸਾਧ ਤੇ ਸੰਤ ਮੀਆਂ।
ਅਸਾਂ ਮਾਰੇ ਚੌਫੇਰ ਦੇ ਕਿਲ੍ਹੇ ਭਾਰੀ, ਅਸਾਂ ਮਾਰਿਆ ਕੂਲੂ, ਭਟੰਤ (ਭੂਟਾਨ) ਮੀਆਂ।
ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ, ਜਿਹੜੀ ਕਰੇਗਾ ਖ਼ਾਲਸਾ ਪੰਥ ਮੀਆਂ।੬੬।

ਦੂਰਬੀਨ ਫ਼ਿਰੰਗੀ ਨੇ ਹੱਥ ਲੈ ਕੇ, ਕੀਤਾ ਫ਼ੌਜ ਦਾ ਸਭ ਸ਼ੁਮਾਰ ਮੀਆਂ।
ਜਿਨ੍ਹੀਂ ਥਾਈਂ ਸੀ ਜਮ੍ਹਾ ਜਮੂਰਖਾਨੇ, ਕੀਤੇ ਸਾਹਿਬ ਮਲੂਮ ਹਜ਼ਾਰ ਮੀਆਂ।
ਦਾਰੂ ਵੰਡਿਆ ਸੂਰਿਆਂ ਜੰਗੀਆਂ ਨੂੰ, ਦੋ ਦੋ ਬੋਤਲਾਂ ਕੈਫ ਖੁਮਾਰ ਮੀਆਂ।
ਸ਼ਾਹ ਮੁਹੰਮਦਾ ਪੀ ਸ਼ਰਾਬ ਗੋਰੇ, ਹੋਏ ਜੰਗ ਨੂੰ ਤੁਰਤ ਤਿਆਰ ਮੀਆਂ।੬੭।

ਇਕ ਪਿੰਡ ਦਾ ਨਾਮ ਜੋ ਮੁਦਕੀ ਸੀ, ਓਥੇ ਭਰੀ ਸੀ ਪਾਣੀ ਦੀ ਖੱਡ ਮੀਆਂ।
ਘੋੜ-ਚੜ੍ਹੇ ਅਕਾਲੀਏ ਨਵੇਂ ਸਾਰੇ, ਝੰਡੇ ਦਿੱਤੇ ਨੀ ਜਾਇ ਕੇ ਗੱਡ ਮੀਆਂ।
ਤੋਪਾਂ ਚੱਲੀਆਂ ਕਟਕ ਫ਼ਿਰੰਗੀਆਂ ਦੇ, ਗੋਲੇ ਤੋੜਦੇ ਮਾਸ ਤੇ ਹੱਡ ਮੀਆਂ।
ਸ਼ਾਹ ਮੁਹੰਮਦਾ ਪਿਛਾਂ ਨੂੰ ਉੱਠ ਨੱਠੇ, ਤੋਪਾਂ ਸਭ ਆਏ ਓਥੇ ਛੱਡ ਮੀਆਂ।੬੮।

ਡੇਰੇ ਆਣ ਕੇ ਸਭੇ ਸਲਾਹ ਕਰਦੇ, ਐਤਵਾਰ ਅਸੀਂ ਖੰਡਾ ਫੜਾਂਗੇ ਜੀ।
*ਤੇਜਾ ਸਿੰਘ ਦੀ ਵੱਡੀ ਉਡੀਕ ਸਾਨੂੰ, ਉਸ ਦੇ ਆਏ ਬਗੈਰ ਨਾ ਲੜਾਂਗੇ ਜੀ।
ਸਰਫਾ ਜਾਨ ਦਾ ਨਹੀਂ ਜੇ ਤਦੋਂ ਕਰਨਾ, ਜਦੋਂ ਵਿਚ ਮੈਦਾਨ ਦੇ ਵੜਾਂਗੇ ਜੀ
ਸ਼ਾਹ ਮੁਹੰਮਦਾ ਅੰਦਰੋਂ ਇਕ ਹੋ ਕੇ, ਡੇਰੇ ਚੱਲ ਫਿਰੰਗੀ ਦੇ ਵੜਾਂਗੇ ਜੀ।੬੯।

ਤੇਜਾ ਸਿੰਘ ਵੀ ਲਸ਼ਕਰੀਂ ਆਣ ਵੜਿਆ, ਹੁਦੇਦਾਰ ਸਭੈ ਉਥੇ ਆਂਵਦੇ ਨੀ।
ਕਰੋ ਹੁਕਮ ਤੇ ਤੇਗ ਉਠਾਈਏ ਜੀ, ਪਏ ਸਿੰਘ ਕਚੀਚੀਆਂ ਖਾਂਵਦੇ ਨੀ।
ਕੂਜਾਂ ਨਜ਼ਰ ਆਈਆਂ ਬਾਜਾਂ ਭੁਖਿਆਂ ਨੂੰ, ਚੋਟਾਂ ਕੈਸੀਆਂ ਵੇਖ ਚਲਾਂਵਦੇ ਨੀ।
ਸ਼ਾਹ ਮੁਹੰਮਦਾ ਓਸ ਥੀਂ ਹੁਕਮ ਲੈ ਕੇ, ਹੱਲਾ ਕਰਨ ਦੀ ਡੌਲ ਬਣਾਂਵਦੇ ਨੀ।੭੦।

ਫੇਰੂ ਸ਼ਹਿਰ ਦੇ ਹੇਠ ਜਾਂ ਖੇਤ ਰੁੱਧੇ (ਜੁੱਧੇ), ਤੋਪਾਂ ਚੱਲੀਆਂ ਨੀ ਵਾਂਗ ਤੋੜਿਆਂ ਦੇ।
ਸਿੰਘ ਸੂਰਮੇ ਆਣ ਮੈਦਾਨ ਲੱਥੇ, ਗੰਜ ਲਾਹ ਸੁੱਟੇ ਉਨ੍ਹਾਂ ਗੋਰਿਆਂ ਦੇ।
ਟੁੰਡੇ ਲਾਟ ਨੇ ਅੰਤ ਨੂੰ ਖਾਇ ਗੁੱਸਾ, ਫੇਰ ਦਿੱਤੇ ਨੀ ਲੱਖ ਢੰਡੋਰਿਆਂ ਦੇ।
ਸ਼ਾਹ ਮੁਹੰਮਦਾ ਰੰਡ ਬੈਠਾਇ ਨੰਦਨ, ਸਿੰਘ ਜਾਨ ਲੈਂਦੇ ਨਾਲ ਜ਼ੋਰਿਆਂ ਦੇ।੭੧।

ਹੁਕਮ ਲਾਟ ਕੀਤਾ ਲਸ਼ਕਰ ਆਪਣੇ ਨੂੰ, ਤੁਸਾਂ ਲਾਜ ਅੰਗਰੇਜ਼ ਦੀ ਰੱਖਣੀ ਜੀ।
ਸਿੰਘਾਂ ਮਾਰ ਕੇ ਕਟਕ ਮੁਕਾਇ ਦਿੱਤੇ, ਹਿੰਦੁਸਤਾਨੀ ਤੇ ਪੂਰਬੀ, ਦੱਖਣੀ ਜੀ।
ਨੰਦਨ ਟਾਪੂਆਂ ਵਿਚ ਕੁਰਲਾਟ ਹੋਈ, ਕੁਰਸੀ ਚਾਰ ਹਜ਼ਾਰ ਹੈ ਸਖਣੀ ਜੀ।
ਸ਼ਾਹ ਮੁਹੰਮਦਾ ਲਾਟ ਹੁਣ ਕਹਿਣ ਲੱਗਾ, ਰੁਤ ਸਿੰਘ ਸਿਪਾਹੀ ਦੀ ਚੱਖਣੀ ਜੀ।੭੨।

ਹੋਇਆ ਹੁਕਮ ਅੰਗਰੇਜ਼ ਦਾ ਤੁਰਤ ਜਲਦੀ, ਤੋਪਾਂ ਸਾਰੀਆਂ ਨੀਰ ਦੇ ਆਏ ਪੱਲੇ।
ਫੂਕ ਸੁੱਟੀਆਂ ਸਾਰੀਆਂ ਮੈਗਜ਼ੀਨਾਂ, ਸਿੰਘ ਉੱਠ ਕੇ ਪੱਤਰਾ ਹੋਏ ਚਲੇ।
ਛੋਲਦਾਰੀਆਂ ਤੰਬੂਆਂ ਛਡ ਦੌੜੇ, ਕੋਈ ਚੀਜ਼ ਨਾ ਲਈ ਬੰਨ੍ਹ ਪੱਲੇ।
ਓੜਕ ਲਿਆ ਮੈਦਾਨ ਫ਼ਿਰੰਗੀਆਂ ਨੇ, ਸ਼ਾਹ ਮੁਹੰਮਦਾ ਰਣੋਂ ਨਹੀਂ ਮੂਲ ਹੱਲੇ।੭੩।

ਉਧਰ ਆਪ ਫਿਰੰਗੀ ਨੂੰ ਭਾਂਜ ਆਈ, ਦੌੜੇ ਜਾਣ ਗੋਰੇ ਦਿੱਤੀ ਕੰਡ ਮੀਆਂ।
ਚੱਲੇ ਤੋਪਖਾਨੇ ਸਾਰੇ ਗੋਰਿਆਂ ਦੇ, ਮਗਰ ਹੋਈ ਬੰਦੂਕਾਂ ਦੀ ਫੰਡ ਮੀਆਂ।
ਕਿਨੇ ਜਾਇ ਕੇ ਲਾਟ ਨੂੰ ਖ਼ਬਰ ਦਿੱਤੀ, ਨੰਦਨ ਹੋਈ ਬੈਠੀ ਤੇਰੀ ਰੰਡ ਮੀਆਂ।
ਸ਼ਾਹ ਮੁਹੰਮਦਾ ਦੇਖ ਮੈਦਾਨ ਜਾ ਕੇ, ਰੁਲਦੀ ਗੋਰਿਆਂ ਦੀ ਪਈ ਝੰਡ ਮੀਆਂ।੭੪।

*ਪਹਾੜਾ ਸਿੰਘ ਸੀ ਯਾਰ ਫ਼ਿਰੰਗੀਆਂ ਦਾ, ਸਿੰਘਾਂ ਨਾਲ ਸੀ ਓਸ ਦੀ ਗ਼ੇਰਸਾਲੀ (ਰੜਕ)।
ਉਹ ਤਾਂ ਲਾਟ ਨੂੰ ਜਾਇ ਮਿਲਿਆ, ਗਲ ਜਾਇ ਦੱਸੀ ਸਾਰੀ ਭੇਤ ਵਾਲੀ।
ਉਥੋਂ ਹੋ ਗਿਆ ਹਰਨ ਹੈ ਖਾਲਸਾ ਜੀ, ਚੌਂਦਾਂ ਹੱਥਾਂ ਦੀ ਮਾਰ ਕੇ ਮਿਰਗ-ਛਾਲੀ।
ਸ਼ਾਹ ਮੁਹੰਮਦਾ ਸਾਂਭ ਲੈ ਸਿਲੇ (ਅਸਲ) ਖਾਨੇ, ਛੱਡ ਗਏ ਨੀ ਸਿੰਘ ਮੈਦਾਨ ਖ਼ਾਲੀ।੭੫।

ਮੁੜ ਕੇ ਫੇਰ ਫਿਰੰਗੀ ਜ਼ੋਰ ਕੀਤਾ, ਲਾਟਾਂਦਾਰ ਗੋਲੇ ਜਦੋਂ ਆਣ ਛੁੱਟੇ।
ਉਡੀ ਰਾਲ (ਧੂੜ) ਤੇ ਚਾਦਰਾਂ ਕੜਕੀਆਂ ਨੀ, ਕੈਰਵ ਪਾਂਡਵਾਂ ਦੇ ਜੈਸੇ ਬਾਣ ਛੁੱਟੇ।
ਜਦੋਂ ਡਿੱਠੇ ਨੀਂ ਹੱਥ ਫ਼ਿਰੰਗੀਆਂ ਦੇ, ਓਥੇ ਕਈਆਂ ਦੇ ਆਣ ਪ੍ਰਾਣ ਛੁੱਟੇ।
ਸ਼ਾਹ ਮੁਹੰਮਦਾ ਇਕ ਸੌ ਤੇਈ ਤੋਪਾਂ, ਤੋਸ਼ੇਖਾਨੇ ਫਿਰੰਗੀਆਂ ਆਣ ਲੁੱਟੇ।੭੬।

ਜਦੋਂ ਪਿਆ ਹਰਾਸ ਤੇ ਕਰਨ ਗੱਲਾਂ, ਮੁੰਡੇ ਘੋੜ-ਚੜ੍ਹੇ ਨਵੇਂ ਛੋਕਰੇ ਜੀ।
ਅੱਧੀ ਰਾਤ ਨੂੰ ਉਠ ਕੇ ਖਿਸਕ ਤੁਰੀਏ, ਕਿਥੋਂ ਪਏ ਗੋਰੇ ਸਾਨੂੰ ਓਪਰੇ ਜੀ।
ਵਾਹੀ ਕਰਦੇ ਰੋਟੀਆਂ ਖੂਬ ਖਾਦੇ, ਅਸੀਂ ਕਿਨ੍ਹਾਂ ਦੇ ਹਾਂ ਪੁੱਤ ਪੋਤਰੇ ਜੀ।
ਸ਼ਾਹ ਮੁਹੰਮਦਾ ਖੂਹਾਂ ਤੇ ਮਿਲਕ (ਭਉਂ) ਵਾਲੇ, ਅਸੀਂ ਦਬ ਕੇ ਲਾਵਾਂਗੇ ਜੋਤਰੇ ਜੀ।੭੭।

ਜਿਹੜੇ ਜੀਂਵਦੇ ਰਹੇ ਸੋ ਪਏ ਸੋਚੀਂ, ਹੋਏ ਭੁੱਖ ਦੇ ਨਾਲ ਜ਼ਹੀਰ (ਦੁਖੀ) ਮੀਆਂ।
ਬੁਰੇ ਜਿੰਨ ਹੋ ਕੇ ਸਾਨੂੰ ਪਏ ਗੋਰੇ, ਅਸੀਂ ਜਾਣਦੇ ਸਾਂ ਕੋਈ ਕੀਰ (ਕੀਟ) ਮੀਆਂ।
ਅਸਾਂ ਸ਼ਹਿਦ ਦੇ ਵਾਸਤੇ ਹੱਥ ਪਾਇਆ, ਅਗੋਂ ਡੂਮਣਾ ਛਿੜੇ ਮਖੀਰ ਮੀਆਂ।
ਸ਼ਾਹ ਮੁਹੰਮਦਾ ਰਾਹ ਨਾ ਕੋਈ ਲੱਭੇ, ਜਿੱਥੇ ਚੱਲੀਏ ਘੱਤ ਵਹੀਰ ਮੀਆਂ।੭੮।

ਘਰੋਂ ਗਏ ਫਿਰੰਗੀ ਦੇ ਮਾਰਨੇ ਨੂੰ, ਬੇੜੇ ਤੋਪਾਂ ਦੇ ਸਭ ਖੁਹਾਇ ਆਏ।
ਛੇੜ ਆਫ਼ਤਾਂ ਨੂੰ ਮਗਰ ਲਾਇਉ ਨੇ, ਸਗੋਂ ਆਪਣਾ ਆਪ ਗਵਾਇ ਆਏ।
ਖੁਸ਼ੀ ਵਸਦਾ ਸ਼ਹਿਰ ਲਾਹੌਰ ਸਾਰਾ, ਸਗੋਂ ਕੁੰਜੀਆਂ ਹੱਥ ਫੜਾਇ ਆਏ।
ਸ਼ਾਹ ਮੁਮਹੰਮਦਾ ਕਹਿੰਦੇ ਨੇ ਲੋਕ ਸਿੰਘ ਜੀ, ਤੁਸੀਂ ਚੰਗੀਆਂ ਪੂਰੀਆਂ ਪਾਇ ਆਏ।੭੯।

ਘਰੀਂ ਜਾਇ ਕੇ ਫੇਰ ਆਰਾਮ ਕੀਤਾ, ਕਿਸੇ ਰਾਤ ਕਿਸੇ ਦੋਇ ਰਾਤ ਮੀਆਂ।
ਪਿੱਛੋਂ ਫੇਰ ਸਰਦਾਰਾਂ ਨੇ ਸੱਦ ਭੇਜੇ, ਜੇ ਕੋਈ ਸਿੰਘ ਸਿਪਾਹੀ ਦੀ ਜ਼ਾਤ ਮੀਆਂ।
ਕਿੱਥੇ ਲਕੋਗੇ ਜਾਇ ਕੇ ਖ਼ਾਲਸਾ ਜੀ, ਦੱਸੋ ਖੋਲ੍ਹ ਕੇ ਅਸਲ ਦੀ ਬਾਤ ਮੀਆਂ।
ਸ਼ਾਹ ਮੁਹੰਮਦਾ ਫੇਰ ਕਿੱਠ ਹੋਇਆ, ਲੱਗੀ ਚਾਨਣੀ ਹੋਰ ਕਨਾਤ ਮੀਆਂ।੮੦।

ਕੰਢੇ ਪਾਰ ਦੇ ਜਮ੍ਹਾਂ ਜਾ ਹੋਇ ਡੇਰੇ, ਇਹ ਤਾਂ ਨੌਕਰੀ ਘਰੀਂ ਨਾ ਮਿਲਣ ਜਾਣੇ।
ਡੇਰੀਂ ਆਣ ਕੇ ਬਹੁਤ ਵੀਚਾਰ ਹੋਇਆ, ਹੋਈਆਂ ਬੁਤਕੀਆਂ ਬੰਦ ਤੇ ਵਿਕਣ ਦਾਣੇ।
ਛਹੀ ਕੱਢ ਕੇ ਮੋਰਚੀਂ ਆਇ ਬਹਿੰਦੇ, ਡੇਰੀਂ ਆਇ ਕੇ ਫੇਰ ਪ੍ਰਸਾਦਿ ਖਾਣੇ।
ਸ਼ਾਹ ਮੁਹੰਮਦਾ ਸੱਭੇ ਮਲੂਮ ਕੀਤੀ, ਕੀਕੂੰ ਹੋਈ ਸੀ ਦੱਸ ਖਾਂ ਲੁਧਿਆਣੇ।੮੧।

ਸਰਦਾਰ ਰਣਜੋਧ ਸਿੰਘ ਫ਼ੌਜ ਲੈ ਕੇ, ਤਰਫ ਲਾਡਏ ਵਾਲੇ ਦੀ ਚੱਲਿਆ ਈ।
ਓਥੇ ਸੱਭ ਕਬੀਲੇ ਸੀ ਕੈਦ ਹੋਏ, ਕੋਈ ਲਾਟ ਫ਼ਿਰੰਗੀ ਨੇ ਘੱਲਿਆ ਈ।
ਉਨ੍ਹਾਂ ਜਾਇ ਖੋਹੀਆਂ ਬਾਦਸ਼ਾਹੀਆਂ ਨੀ, ਉਸ ਦਾ ਜ਼ੋਰ ਨਾ ਕਿਸੇ ਨੇ ਝੱਲਿਆਂ ਈ।
ਸ਼ਾਹ ਮੁਹੰਮਦਾ ਛਾਵਣੀ ਫੂਕ ਦਿੱਤੀ, ਵਿਚੋਂ ਜੀਊ ਫਿਰੰਗੀ ਦਾ ਹੱਲਿਆ ਈ।੮੨।

ਚਾਰ ਪੜਤਲਾਂ ਲੈ ਕੇ ਮੇਵਾ ਸਿੰਘ ਆਇਆ, ਸਿੰਘ ਆਪਣੇ ਹੱਥ ਹਥਿਆਰ ਲੈਂਦੇ।
ਇਨ੍ਹਾਂ ਬਹੁਤ ਫਿਰੰਗੀ ਦੀ ਫ਼ੌਜ ਮਾਰੀ, ਲੁੱਟਾਂ ਭਾਰੀਆਂ ਬਾਝ ਸ਼ੁਮਾਰ ਲੈਂਦੇ।
ਤੋਪਾਂ, ਉਠ, ਹਾਥੀ, ਮਾਲ, ਲਾਖ ਘੋੜੇ, ਡੇਰੇ ਆਪਣੇ ਸਿੰਘ ਉਤਾਰ ਲੈਂਦੇ।
ਸ਼ਾਹ ਮੁਹੰਮਦਾ ਸਿੰਘ ਜੇ ਜ਼ੋਰ ਕਰਦੇ, ਭਾਵੇਂ ਲੁਧਿਆਣਾ ਤਦੋਂ ਮਾਰ ਲੈਂਦੇ।੮੩।

ਮੁਹਕਮ ਦੀਨ (ਨੇ) ਸਰਦਾਰ ਨੂੰ ਲਿਖੀ ਚਿੱਠੀ, ਤੁਸਾਂ ਰਸਦ ਲੁੱਟੇ ਚੰਗੇ ਸ਼ਾਨ ਦੇ ਜੀ।
ਦੇਹੋ ਭੇਜ ਉਰਾਰ ਸੱਭ ਕਾਰਖਾਨੇ, ਪਇਓ ਗੱਜਿਓ ਵਿਚ ਮੈਦਾਨ ਜੀ।
ਤੈਨੂੰ ਅਜ ਹਜ਼ੂਰ ਥੀਂ ਫਤਿਹ ਆਈ, ਖਬਰਾਂ ਉਡੀਆਂ ਵਿਚ ਜਹਾਨ ਦੇ ਜੀ।
ਸ਼ਾਹ ਮੁਹੰਮਦਾ ਵੈਰੀ ਨੂੰ ਜਾਣ ਹਾਜ਼ਰ, ਸਦਾ ਰੱਖਿਏ ਵਿਚ ਧਿਆਨ ਦੇ ਜੀ।੮੪।

ਸੱਠਾਂ ਕੋਹਾਂ ਦਾ ਪੰਧ ਸੀ ਲੁਧਿਆਣਾ, ਰਾਤੋ ਰਾਤ ਕੀਤੀ ਟੁੰਡੇ ਡੌੜ ਮੀਆਂ।
ਉਹ ਭੀ ਲੁੱਟਿਆ ਲਾਟ ਨੇ ਆਣ ਡੇਰਾ, ਸੱਭ ਖੋਹ ਕੇ ਕੀਤੀਆਂ ਰੌੜ ਮੀਆਂ।
ਝੱਲੀ *ਅਬੂਤਬੇਲੇ ਦੀਆਂ ਪੜਤਲਾਂ ਨੇ, ਅੱਧੀ ਘੜੀ ਲੜਾਈ ਦੀ ਸੌੜ ਮੀਆਂ।
ਸ਼ਾਹ ਮੁਹੰਮਦਾ ਸਿੰਘ ਲੁਟਾਇ ਡੇਰੇ, ਕਰ ਆਏ ਨੇ ਤਰੱਟੀਆਂ ਚੌੜ ਮੀਆਂ।੮੫।

ਪਹਿਲੇ ਹੱਲਿਉਂ ਸਿੰਘ ਜੋ ਨਿਕਲ ਨੱਠੇ, ਪਏ ਰਾਤੋ ਰਾਤ ਔਝੜੇ ਔਝੜੇ (ਕੁਰਾਹੇ) ਜਾਂਵਦੇ ਨੀ।
ਲੀੜੇ ਗਏ ਸਾਰੇ ਰਹੀ ਇਕ ਕੁੜਤੀ, ਬਾਹਾਂ ਹਿੱਕ ਦੇ ਨਾਲ ਲਗਾਂਵਦੇ ਨੀ।
ਅੱਗੋਂ ਲੋਕ ਲੜਾਈ ਦੀ ਗੱਲ ਪੁੱਛਣ, ਜੀਭ ਹੇਠਾਂ ਥੀਂ ਖੋਲ੍ਹ ਦਿਖਾਂਵਦੇ ਨੀ।
ਸ਼ਾਹ ਮੁਹੰਮਦਾ ਆਣ ਕੇ ਘਰਦਿਆਂ ਤੋਂ, ਨਵੇਂ ਕਪੜੇ ਹੋਰ ਸਿਵਾਂਵਦੇ ਨੀ।੮੬।

ਕਹਿੰਦੇ ਜਿਉਂਦੇ ਫੇਰ ਨਾ ਕਦੇ ਜਾਣਾ, ਮੂੰਹ ਨਾ ਲਗਣਾ ਓਸ ਚੰਡਾਲ ਦੇ ਜੀ।
ਕਿਤੇ ਜਾਇ ਕੇ ਚਾਰ ਦਿਨ ਕੱਟ ਆਈਏ, ਢੂੰਡਣ ਆਉਣਗੇ ਸਾਡੇ ਨਾਲ ਦੇ ਜੀ।
ਤੁਸਾਂ ਆਖਿਆ ਮਾਰਿਆ ਲੁਧਿਆਣਾ, ਅਸੀਂ ਫਿਰਦੇ ਹਾਂ ਢੂੰਡੇ ਭਾਲਦੇ ਜੀ।
ਸ਼ਾਹ ਮੁਹੰਮਦਾ ਰਹੇ ਹੁਸ਼ਿਆਰ ਓਥੇ, ਲੜੇ ਨਹੀਂ ਅਜੇ ਸਾਡੇ ਨਾਲ ਦੇ ਜੀ।੮੭।

ਪਿੱਛੇ ਬੈਠੇ ਸਰਦਾਰਾਂ ਨੇ ਗੁਰਮਤਾ ਕੀਤਾ, ਕੋਈ ਅਕਲ ਦਾ ਕਰੋ ਇਲਾਜ ਯਾਰੋ।
ਛੇੜ ਬੁਰਛਿਆਂ ਦੀ ਸਾਡੇ ਪੇਸ਼ ਆਈ, ਪਗ ਦਾੜ੍ਹੀਆਂ ਦੀ ਰਖੋ ਲਾਜ ਯਾਰੋ।
ਮੁਠ ਮੀਟੀ ਸੀ ਏਸ ਪੰਜਾਬ ਦੀ ਜੀ, ਇਨ੍ਹਾਂ ਖੋਲ੍ਹ ਦਿੱਤਾ ਅਜ ਪਾਜ ਯਾਰੋ।
ਸ਼ਾਹ ਮੁਹੰਮਦਾ ਮਾਰ ਕੇ ਮਰੋ ਏਥੇ, ਕਦੀ ਰਾਜ ਨਾ ਹੋਏ ਮੁਹਤਾਜ ਯਾਰੋ।੮੮।

ਤੀਜੀ ਵਾਰ ਲਲਕਾਰ ਕੇ ਪਏ ਗੋਰੇ, ਪਏ ਵੱਜਦੇ ਢੋਲ ਤੰਬੂਰ ਮੀਆਂ।
ਕੱਸ ਲਈਆਂ ਨੀ ਸਿੰਘਾਂ ਨੇ ਤੁਰਤ ਕਮਰਾਂ, ਕਾਇਮ ਜੰਗ ਨੂੰ ਹੋਏ ਜ਼ਰੂਰ ਮੀਆਂ।
ਪਹਿਲਾਂ ਬਾਵਿਉਂ ਆਣ ਕੇ ਜ਼ੋਰ ਦਿੱਤਾ, ਪਿਆ ਦਲਾਂ ਦੇ ਵਿਚ ਫਤੂਰ ਮੀਆਂ।
ਸ਼ਾਹ ਮੁਹੰਮਦਾ ਨੱਸ ਕੇ ਜਾਣ ਕਿੱਥੇ, ਇਥੋਂ ਸ਼ਹਿਰ ਲਾਹੌਰ ਹੈ ਦੂਰ ਮੀਆਂ।੮੯।

ਆਈਆਂ ਪਲਟਨਾਂ ਬੀੜ ਕੇ ਤੋਪਖਾਨੇ, ਅਗੋਂ ਸਿੰਘਾਂ ਨੇ ਪਾਸੇ ਤੋੜ ਸੁੱਟੇ।
ਮੇਵਾ ਸਿੰਘ ਤੇ ਮਾਘੇ ਖਾਂ ਹੋਏ ਸਿੱਧੇ, ਹੱਲੇ ਤਿੰਨ ਫਿਰੰਗੀ ਦੇ ਮੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ, ਬੰਨ੍ਹ ਸ਼ਸਤ੍ਰੀ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘ ਨੇ ਗੋਰਿਆਂ ਦੇ, ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।੯੦।

ਪਏ ਬਾਂਵਿਉਂ ਹੋਇ ਕੇ ਫੇਰ ਗੋਰੇ, ਫਰਾਂਸੀਸ ਤੇ ਜਿੱਥੇ ਸੀ ਚਾਰ ਯਾਰੀ।
ਕੁੰਡਲ (ਘੇਰਾ) ਘੱਤਿਆ ਵਾਂਗ ਕਮਾਨ ਗੋਸ਼ੇ, ਬਣੀ ਆਣ ਸਰਦਾਰਾਂ ਨੂੰ ਬਿਪਤ ਭਾਰੀ।
ਤੇਜਾ ਸਿੰਘ ਸਰਦਾਰ ਪੁਲ ਵੱਢ੍ਹ ਦਿੱਤਾ, ਘਰੀਂ ਨੱਸ ਨਾ ਜਾਇ ਇਹ ਫ਼ੌਜ ਸਾਰੀ।
ਸ਼ਾਹ ਮੁਹੰਮਦਾ ਮਰਨ ਸ਼ਹੀਦ ਹੋ ਕੇ, ਅਤੇ ਜਾਨ ਨਾ ਕਰਨਗੇ ਮੂਲ ਪਿਆਰੀ।੯੧।

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ, ਦੋਵੇਂ ਪਾਤਸ਼ਾਹੀ ਫ਼ੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜਿੜ੍ਹੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੇ।
ਘੋੜੇ ਆਦਮੀ ਗੋਲੀਆਂ ਨਾਲ ਉੱਡਣ, ਹਾਥੀ ਡਿਗਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫੌਜਾਂ ਜਿਤ ਕੇ ਅੰਤ ਨੂੰ ਹਾਰੀਆਂ ਨੀ।੯੨।

ਕਈ ਸੂਰਮੇ ਮਾਰ ਕੇ ਮੋਏ ਓਥੇ, ਜਿਨ੍ਹਾਂ ਹੱਥ ਕੀਤੇ ਤੇਗਾਂ ਨੰਗੀਆਂ ਦੇ।
ਰਹਿੰਦੇ ਘੇਰ ਕੇ ਵਿਚ ਦਰਿਆਉ ਡੋਬੇ, ਛੁਰੇ ਮਾਰ ਕੇ (ਤੇ) ਤੋਪਾਂ ਚੰਗੀਆਂ ਦੇ।
ਕਹਿੰਦੇ ਨੌਕਰੀ ਕਾਸ ਨੂੰ ਅਸਾਂ ਕੀਤੀ, ਆਖੇ ਲੱਗ ਕੇ ਸਾਥੀਆਂ ਸੰਗੀਆਂ ਦੇ।
ਸ਼ਾਹ ਮੁਹੰਮਦਾ ਫੇਰ ਨਾ ਰੱਬ ਲਿਆਵੇ, ਵਿਚ ਜੰਗ ਦੇ ਨਾਲ ਫਰੰਗੀਆਂ ਦੇ।੯੩।

ਕਈ ਮਾਵਾਂ ਦੇ ਪੁੱਤਰ ਨੇ ਮੋਏ ਉਥੇ, ਸੀਨੇ ਲਗੀਆਂ ਤੇਜ਼ ਕਟਾਰੀਆਂ ਨੀ।
ਜਿਨ੍ਹਾਂ ਭੇਣਾ ਨੂੰ ਵੀਰ ਨਾ ਮਿਲੇ ਮੁੜ ਕੇ, ਪਈਆਂ ਰੋਂਦੀਆਂ ਫਿਰਨ ਵਿਚਾਰੀਆਂ ਨੀ।
ਜੰਗੀਂ ਜਿਨ੍ਹਾਂ ਦੇ ਸਿਰ ਦੇ ਮੋਏ ਵਾਲੀ, ਖੁੱਲ੍ਹੇ ਵਾਲ ਤੇ ਕਰਨ ਬੇਜ਼ਾਰੀਆਂ (ਵਿਰਲਾਪ) ਨੀ।
ਸ਼ਾਹ ਮੁਹੰਮਦਾ ਬਹੁਤ ਸਰਦਾਰ ਮਾਰੇ, ਪਈਆਂ ਰਾਜ ਦੇ ਵਿਚ ਖੁਆਰੀਆਂ ਨੀ।੯੪।

ਲਿਖਿਆ ਤੁਰਤ ਪੈਗ਼ਾਮ ਰਾਣੀ ਜਿੰਦ ਕੌਰਾਂ, ਕੋਈ ਤੁਸਾਂ ਨੇ ਦੇਰ ਨਹੀਂ ਲਾਵਣੀ ਜੀ।
ਰਹਿੰਦੀ ਫ਼ੌਜ ਦਾ ਕਰੋ ਇਲਾਜ ਕੋਈ, ਕਾਬੂ ਤੁਸਾਂ ਬਗ਼ੈਰ ਨਾ ਆਵਣੀ ਜੀ।
ਮੇਰੀ ਜਾਨ ਦੇ ਤੁਸੀਂ ਅਬ ਹੋ ਰਾਖੇ, ਪਾਉ ਵਿਚ ਲਾਹੌਰ ਦੇ ਛਾਵਣੀ ਜੀ।
ਸ਼ਾਹ ਮੁਹੰਮਦਾ ਅਜ ਮੈਂ ਲਿਆ ਬਦਲਾ, ਅੱਗੇ ਹੋਰ ਕੀ ਰੱਬ ਨੂੰ ਭਾਵਣੀ ਜੀ।੯੫।

ਪੁਲ ਬੱਧਾ ਫਿਰੰਗੀ ਨੇ ਖ਼ਬਰ ਸੁਣ ਕੇ, ਲਾਂਘੇ ਪਾਏ ਨੀ ਵਿਚ ਪਲਕਾਰਿਆਂ (ਪਲਾਂ) ਦੇ।
ਆਏ ਸ਼ਿਹਿਰ ਲਾਹੌਰ ਨੂੰ ਮਾਰ ਧੌਂਸਾ, ਵਾਜੇ ਵੱਜਦੇ ਨਾਲ ਨਗਾਰਿਆਂ ਦੇ।
ਸਾਂਭ ਲਏ ਸਰਕਾਰ ਦੇ ਸਿਲ੍ਹੇਖਾਨੇ, ਵਾਲੀ ਬਣੇ ਜੇ ਰਾਜ ਦੁਆਰਿਆਂ ਦੇ।
ਸ਼ਾਹ ਮੁਹੰਮਦਾ ਛੇੜ ਸੀ ਵਿਰਲਿਆਂ ਦੀ, ਸੋਈ ਪੇਸ਼ ਆਈ ਸਿੰਘਾਂ ਸਾਰਿਆ ਦੇ।੯੬।

ਰਾਜਾ ਗਿਆ ਗੁਲਾਬ ਸਿੰਘ ਆਪ ਚੜ੍ਹ ਕੇ, ਬਾਹੋਂ ਪਕੜ ਲਾਹੌਰ ਲਿਆਂਵਦਾ ਈ।
ਸਾਹਿਬ ਲੋਕ ਜੀ ਅਸਾਂ ਪਰ ਦਇਆ ਕਰਨੀ, ਉਹ ਤਾਂ ਆਪਣਾ ਕੰਮ ਬਣਾਂਵਦਾ ਈ।
ਦਿੱਤੇ ਕੱਢ ਮਲਵਈ ਦੁਆਬੀਏ ਜੀ, ਵਿਚੋਂ ਸਿੰਘਾਂ ਦੀ ਫ਼ੌਜ ਖਿਸਕਾਂਵਦਾ ਈ।
ਸ਼ਾਹ ਮੁਹੰਮਦਾ ਤਰਫ ਪਹਾੜ ਲੈ ਕੇ, ਤੁਰਤ ਜੰਮੂੰ ਨੂੰ ਕੂਚ ਕਰਾਂਵਦਾ ਈ।੯੭।

ਬਣੇ ਮਾਈ (ਜਿੰਦਾਂ) ਦੇ ਆਣ ਅੰਗਰੇਜ਼ ਰਾਖੇ, ਪਾਈ ਛਾਵਣੀ ਵਿਚ ਲਾਹੌਰ ਦੇ ਜੀ।
ਰਖ ਮਾਲਵਾ ਪਾਰ ਦਾ ਮੁਲਕ ਸਾਰਾ, ਠਾਣਾ ਘੱਤਿਆ ਵਿਚ ਫਿਲੌਰ ਦੇ ਜੀ।
ਲਿਆ ਸ਼ਹਿਰ ਹੁਸ਼ਿਆਰਪੁਰ ਤਲਕ (ਤਕ) ਸਾਰਾ, ਜਿਹੜੇ ਟਕੇ ਆਵਣ ਨੰਦਾ ਚੌਰ ਦੇ ਜੀ।
ਸ਼ਾਹ ਮੁਹੰਮਦਾ ਕਾਂਗੜਾ ਮਾਰ ਲੀਤਾ, ਉਹਦੇ ਕੰਮ ਗਏ ਸਭੇ ਸੌਰਦੇ ਜੀ।੯੮।

ਰਹਿੰਦਾ ਮੁਲਕ ਫਿਰੰਗੀ ਦੇ ਪਿਆ ਪੇਟੇ, ਕੀਤਾ ਹੁਕਮ ਫਿਰੰਗੀਆਂ ਸਾਰਿਆਂ ਨੇ।
ਮਾਈ (ਸਿੱਖ਼) ਫ਼ੌਜ (ਨੂੰ) ਚਾਇ ਜੁਆਬ ਦਿੱਤਾ, ਦਿੱਤੀ ਨੌਕਰੀ ਛੱਡ ਵਿਚਾਰਿਆਂ ਨੇ।
ਪਿੱਛੋਂ ਸਾਂਭ ਲੀਤਾ ਮੁਲਕ ਕਾਰਦਾਰਾਂ, ਬਖਤਾਵਰਾਂ ਤੇ ਨੇਕ ਸਤਾਰਿਆਂ ਨੇ।
ਸ਼ਾਹ ਮੁਹੰਮਦਾ ਏਸ ਰਾਣੀ ਜਿੰਦ ਕੌਰਾਂ, ਤੋੜ ਸੁੱਟਿਆ ਮੁਲਕ ਉਜਾੜਿਆ ਨੇ।੯੯।

ਕੀਤਾ ਅਕਲ ਦਾ ਪੇਚ ਸੀ ਜਿੰਦ ਕੌਰਾਂ, ਮੱਥਾ ਦੋਹਾਂ ਪਾਤਸ਼ਾਹੀਆ ਦਾ ਜੋੜਿਆ ਈ।
ਗੁੱਝੀ ਰਮਜ਼ ਕਰ ਕੇ ਆਪ ਰਹੀ ਸੱਚੀ, ਬਦਲਾ ਤੁਰਤ ਭਰਾਉ ਦਾ ਮੋੜਿਆ ਈ।
ਲਏ ਤੁਰਤ ਮੁਸਾਹਿਬ ਲਪੇਟ ਰਾਣੀ, ਲਸ਼ਕਰ ਵਿਚ ਦਰਿਆਉ ਦੇ ਰੋੜ੍ਹਿਆ ਈ।
ਸ਼ਾਹ ਮੁਹੰਮਦਾ ਕਰੇ ਜਹਾਨ ਗੱਲਾਂ, ਉਹਨਾਂ ਕੁਫ਼ਰ ਮਦਈ ਦਾ ਤੋੜਿਆ ਈ।੧੦੦।

ਪਿਛੋਂ ਬੈਠ ਕੇ ਸਿੰਘਾਂ ਨੂੰ ਅਕਲ ਆਈ, ਕਿਹੀ ਚੜ੍ਹੀ ਹੈ ਜ਼ਹਿਰ ਦੀ ਸਾਣ ਮਾਈ।
ਕਿਨ੍ਹਾਂ ਖੁੰਦਰਾਂ ਵਿਚ ਫਸਾਇ ਕੇ ਜੀ, ਸਾਡੇ ਲਾਹਿ ਸੁੱਟੇ ਤੂੰ ਤਾਂ ਘਾਣ ਮਾਈ।
ਹੱਥ ਧੋਇ ਕੇ ਮਗਰ ਕਿਉਂ ਪਈ ਸਾਡੇ, ਘਰੀਂ ਅਜੇ ਨਾ ਦੇਣੀ ਹੈ ਜਾਣ ਮਾਈ।
ਸ਼ਾਹ ਮੁਹੰਮਦਾ ਖੋਹ ਹੱਥਿਆਰ ਬੈਠੇ, ਨਾਲ ਕੁੜਤੀਆਂ ਲਏ ਪਛਾਣ ਮਾਈ।੧੦੧।

ਹੁੰਦੇ ਆਏ ਨੀ ਰੰਨਾਂ ਦੇ ਧੁਰੋਂ ਕਾਰੇ, ਲੰਕਾ ਵਿਚ ਤਾਂ ਰਾਵਣ ਕੁਹਾਇ ਦਿੱਤਾ।
ਕੌਰਵ ਪਾਂਡਵਾਂ ਨਾਲ ਕੀ ਭਲਾ ਕੀਤਾ, ਠਾਰਾਂ ਖੂਹਣੀਆਂ ਕਟਕ ਮੁਕਾਇ ਦਿੱਤਾ।
ਰਾਜੇ ਭੋਜ ਦੇ ਮੂੰਹ ਲਗਾਮ ਦਿੱਤੀ, ਮਾਰ ਅੱਡੀਆਂ ਹੋਸ਼ ਭੁਲਾਇ ਦਿੱਤਾ।
ਸ਼ਾਹ ਮੁਹੰਮਦਾ ਇਸ ਰਾਣੀ ਜਿੰਦ ਕੌਰਾਂ, ਸਾਰੇ ਦੇਸ਼ ਦਾ ਫਰਸ਼ ਉਠਾਇ ਦਿੱਤਾ।੧੦੨।

ਰੱਬ ਚਾਹੇ ਤਾਂ ਕਰੇਗਾ ਮਿਹਰਬਾਨੀ, ਹੋਇਆ ਸਿੰਘਾਂ ਦਾ ਕੰਮ ਅਰਾਸਤਾ ਈ।
ਵੱਡੀ ਸਾਂਝ ਹੈ ਹਿੰਦੂਆਂ ਮੁਸਲਮਾਨਾਂ, ਉਨ੍ਹਾਂ ਨਾਲ ਨਾ ਕਿਸੇ ਦਾ ਵਾਸਤਾ ਈ।
ਉਹਦੇ ਨਾਲ ਨਾ ਬੈਠ ਕੇ ਗੱਲ ਕਰਨੀ, ਖੁਦੀ ਆਪਣੀ ਨਾਲ ਮਹਾਸਤਾ ਈ।
ਸ਼ਾਹ ਮੁਹੰਮਦਾ ਦੌਲਤਾਂ ਜਮ੍ਹਾ ਕਰਦਾ, ਸ਼ਾਹੂਕਾਰ ਦਾ ਜਿਵੇਂ ਗੁਮਾਸ਼ਤਾ (ਮੁਨਸ਼ੀ) ਈ।੧੦੩।

ਜਿਹੜੀ ਹੋਈ ਸੋ ਲਈ ਹੈ ਵੇਖ ਅੱਖੀਂ, ਅੱਗੇ ਹੋਰ ਕੀ ਬਣਤ ਬਣਾਵਦਾ ਜੀ।
ਇਕ ਘੜੀ ਦੀ ਕੁਝ ਉਮੈਦ ਨਾਹੀਂ, ਕਿਸੇ ਲਈ ਹਾੜ੍ਹੀ ਕਿਸੇ ਸਾਵਣੀ ਜੀ।
ਨਿੱਕੇ ਪੋਚ ਹੁਣ ਬੈਠ ਕੇ ਕਰਨ ਗੱਲਾਂ, ਅਸਾਂ ਡਿੱਠੀ ਫਿਰੰਗੀ ਦੀ ਛਾਵਣੀ ਜੀ।
ਸ਼ਾਹ ਮੁਹੰਮਦਾ ਨਹੀਂ ਮਲੂਮ ਸਾਨੂੰ, ਅਗੇ ਹੋਰ ਕੀ ਖੇਡ ਖਿਡਾਵਣੀ ਜੀ।੧੦੪।

ਸੰਮਤ ਉਂਨੀ ਸੈ ਦੂਸਰਾ (ਸੰਨ ੧੯੪੫) ਉੱਤਰਿਆ ਸੀ, ਜਦੋਂ ਹੋਇਆ ਫਿਰੰਗੀ ਦਾ ਜੰਗ ਮੀਆਂ।
ਹੈਸੀ ਖੂਨ ਦੀ ਏਹ ਜ਼ਮੀਨ ਪਿਆਸੀ, ਹੋਈ ਸੁਰਖ ਸ਼ਰਾਬ ਦੇ ਰੰਗ ਮੀਆਂ।
ਧਰਤੀ ਵੱਢ ਕੇ ਧੂੜ ਦੇ ਬਣੇ ਬੱਦਲ, ਜੈਸੇ ਚੜ੍ਹੇ ਅਕਾਸ਼ ਪਤੰਗ ਮੀਆਂ।
ਸ਼ਾਹ ਮੁਹੰਮਦਾ ਸਿਰਾਂ ਦੀ ਲਾਇ ਬਾਜ਼ੀ, ਨਹੀਂ ਮੋੜਦੇ ਸੂਰਮੇ ਅੰਗ ਮੀਆਂ।੧੦੫।

**ਸ਼ਬਦਾਰਥ**

| | | | | |
|---|---|---|---|---|
| ਤਬਕ:-ਖੰਡ | ਹਮਦ:-ਉਸਤਤ | ਸ਼ੁਤਰ:-ਊਠ | ਮੁਸਾਹਿਬ:-ਦਰਬਾਰੀ | ਕੌਂਸਲ:-ਸਲਾਹਕਾਰ ਸੰਮਤੀ |
| ਅਜ਼ਲ:-ਮੌਤ | ਕਾਰਬੀਨ:-ਬੰਦੂਕ | ਤੁਰਮ:-ਤੁਰ੍ਹੀ | ਪੜਤਲਾਂ:-ਪਲਟਣਾਂ | ਨਕਸ਼ ਨਿਗਾਰ:-ਨਕਸ਼ਾ ਚਿਤ੍ਰ ਕੇ |
| ਤੋੜੇ:-ਗਹਿਣੇ | ਕੁੰਜ ਗੋਸ਼ੇ:-ਗੁਪਤ | ਫੀਲ:-ਹਾਥੀ | ਗੈਰਸਾਲੀ:-ਵੈਰ | ਨੀਰ ਪੱਲੇ:-ਪਾਣੀ ਕੰਢੇ |
| ਕਟਕ:-ਫੌਜ | ਖੂਹਣੀ:-ਫੌਜ ਜਿਸ ਵਿਚ ੧੦੯੩੫੦ ਪਿਆਦੇ, ੬੫੬੧੦ ਘੋੜੇ, ੨੧੮੭੦ ਹਾਥੀ ਦੱਸੇ ਜਾਂਦੇ ਹਨ | | | |

**ਨਾਮਾਵਲੀ**

| | |
|---|---|
| ਸਰਕਾਰ:-ਮਹਾਰਾਜਾ ਰਣਜੀਤ ਸਿੰਘ | ਚੇਤ ਸਿੰਘ (ਬਾਜਵਾ):-ਮਹਾਰਾਜਾ ਖੜਕ ਸਿੰਘ ਦਾ ਸਬੰਧੀ ਤੇ ਮਿਤ੍ਰ |
| ਕੌਰ:-ਕੰਵਰ ਨੌਨਿਹਾਲ ਸਿੰਘ | ਊਧਮ ਸਿੰਘ:-ਗੁਲਾਬ ਸਿੰਘ ਦਾ ਪੁੱਤ੍ਰ ਕੰਵਰ ਨੌਨਿਹਾਲ ਸਿੰਘ ਦਾ ਮਿਤ੍ਰ |

| | |
|---|---|
| ਰਾਜਾ:–ਧਿਆਨ ਸਿੰਘ ਡੋਗਰਾ | ਰਾਣੀ ਚੰਦ ਕੌਰ:–ਮਹਾਰਾਜਾ ਖੜਕ ਸਿੰਘ ਦੀ ਪਤਨੀ ਕੰਵਰ ਦੀ ਮਾਂ |
| ਹੀਰਾ ਸਿੰਘ:–ਧਿਆਨ ਸਿੰਘ ਦਾ ਪੁੱਤ੍ਰ | ਜਲ੍ਹਾ:–ਦੋਗਰੇ ਭਰਾਵਾਂ ਦਾ ਪਰੋਹਤ ਹੀਰਾ ਸਿੰਘ ਦਾ ਮਿਤ੍ਰ |
| ਮਾਈ:–ਰਾਣੀ ਜਿੰਦ ਕੌਰ | ਸ਼ਾਹਜ਼ਾਦਾ ਸ਼ੇਰ ਸਿੰਘ:–ਮਹਾਰਾਜਾ ਰਣਜੀਤ ਸਿੰਘ ਦਾ ਪੁੱਤ੍ਰ |
| ਜਵਾਹਰ ਸਿੰਘ:–ਰਾਣੀ ਜਿੰਦਾਂ ਦਾ ਭਰਾ | ਸੁਚੇਤ ਸਿੰਘ:–ਧਿਆਨ ਸਿੰਘ, ਗੁਲਾਬ ਸਿੰਘ ਦਾ ਭਰਾ |
| ਪਹਾੜਾ ਸਿੰਘ:–ਫਰੀਦਕੋਟ ਦਾ ਰਾਜਾ | ਸ਼ਾਹ ਬਿਲਾਵਲ:–ਲਾਹੌਰ ਦੇ ਸ਼ਾਲਾਮਾਰ ਬਾਗ ਕੋਲ ਥਾਂ |
| ਮੰਜੀ ਕਾਕੜੀ:–ਲਾਹੌਰੋਂ ਬਾਹਰ ਥਾਂ | ਭੀਮ ਸਿੰਘ, ਕੇਸਰੀ ਸਿੰਘ:–ਸੁਚੇਤ ਸਿੰਘ ਦੇ ਸਾਥੀ ਡੋਗਰੇ |
| | ਅਬੂਤਬੇਲੇ:–ਸਿੱਖ ਫੌਜ ਦਾ ਫਰਾਂਸੀਸੀ ਜਰਨੈਲ |

ਸੰਧਾਵਾਲੀਏ:–ਮਹਾਰਾਜਾ ਰਣਜੀਤ ਸਿੰਘ ਦੇ ਸਬੰਧੀ, ਸਰਦਾਰ ਲਹਿਣਾ ਸਿੰਘ, ਸਰਦਾਰ ਅਤਰ ਸਿੰਘ ਅਤੇ ਉਸ ਦਾ ਪੁੱਤ੍ਰ ਸਰਦਾਰ ਅਜੀਤ ਸਿੰਘ।

ਅਲੀ ਅਕਬਰ:–ਕਾਬਲ ਦੇ ਬਾਦਸ਼ਾਹ ਦੋਸਤ ਮੁਹੰਮਦ ਖਾਂ ਦਾ ਪੁੱਤ੍ਰ, ਜਿਸ ਨੇ ਬਾਪ ਨੂੰ ਅੰਗਰੇਜ਼ਾਂ ਦੀ ਕੈਦ ਚੋਂ ਛੁਡਾ ਕੇ ਮੁੜ ਗੱਦੀ ਤੇ ਬਹਾਇਆ।

ਵੀਰ ਸਿੰਘ:–ਧਾਰਮਿਕ ਵਿਅਕਤੀ ਜਿਸ ਦੇ ਫਿਰੋਜ਼ਪੁਰ ਲਾਗੇ ਡੇਰੇ ਵਿਚ ਕੰਵਰ ਪਿਸ਼ੌਰਾ ਸਿੰਘ ਅਤੇ ਕੰਵਰ ਕਸ਼ਮੀਰਾ ਸਿੰਘ ਨੇ ਸ਼ਰਨ ਲਈ ਸੀ। ਹੀਰਾ ਸਿੰਘ ਨੇ ਫ਼ੌਜੀ ਦਸਤੇ ਤੋਂ ਡੇਰਾ ਢਹਿ–ਢੇਰੀ ਕਰਵਾ ਦਿੱਤਾ ਸੀ।

ਤੇਜਾ ਸਿੰਘ:–ਪੂਰਵੀ ਭਈਆ, ਸਿੱਖ਼ ਫੋਜ ਦਾ ਸੈਨਾਪਤੀ, ਇਸ ਦਾ ਭਰਾ ਲਾਲ ਸਿੰਘ ਵਜ਼ੀਰ ਸੀ। ਇਹ ਦੋਵੇਂ ਅੰਗਰੇਜ਼ਾਂ ਨਾਲ ਮਿਲੇ ਦੱਸੇ ਜਾਂਦੇ ਹਨ।

ਅਜੀਤ ਸਿੰਘ:–ਲਾਡਵੇ ਦਾ ਸਰਦਾਰ, ਜਿਸ ਦੇ ਪਰਿਵਾਰ ਨੂੰ ਅੰਗਰੇਜ਼ਾਂ ਨੇ ਪਿੰਡ ਬਦੋਵਾਲ ਕੈਦ ਕਰ ਲਿਆ ਸੀ।

ਰਣਜੋਧ ਸਿੰਘ:–ਇਸ ਨੇ ਲਾਡਵੇ ਵਾਲੇ ਅਜੀਤ ਸਿੰਘ ਨਾਲ ਮਿਲ ਕੇ ਅੰਗਰੇਜ਼ਾਂ ਨੂੰ ਬਦੋਵਾਲ ਦੀ ਲੜਾਈ ‘ਚ ਹਰਾਇਆ ਸੀ।